# ਪੰਜਾਬੀ ਪਰਵਾਜ਼

Punjabi Parwaz

ਅੰਕ ਛੇਵਾਂ: 5 ਅਗਸਤ 2023 (ਸ਼ਿਕਾਗੋ)

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com

Address: 827 E. Kings Row, Unit# 7, Palatine, IL 60076 - Ph: 224-386-4548


ਖ਼ਾਨਾਜੰਗੀ ਦੇ ਹਾਲਾਤ

## ਜਦੋਂ ਹੈਵਾਨੀਅਤ ਇਨਸਾਨੀਅਤ ਨੂੰ ਝੰਜੋੜਦੀ ਹੈ...

### ਮੂੰਹ ਅੱਡੀਂ ਖੜ੍ਹੀਆਂ ਹਨ ਘੱਟਗਿਣਤੀਆਂ ਲਈ ਭਵਿੱਖ ਦੀਆਂ ਦੁਸ਼ਵਾਰੀਆਂ

ਸਦੀਆਂ ਤੋਂ ਭਾਰਤ ਦਾ ਇਤਿਹਾਸ ਸਵਰਨ ਜਾਤੀ ਦੇ ਲੋਕਾਂ ਵੱਲੋਂ ਘੱਟ ਗਿਣਤੀਆਂ, ਐਸੀ.ਸੀ., ਬੀ.ਸੀ., ਆਦੀਵਾਸੀਆਂ, ਆਰਥਿਕ ਪੱਖੋਂ ਪਛੜੇ ਹੋਏ ਵਰਗਾਂ ਦੀਆਂ ਔਰਤਾਂ ਉੱਤੇ ਜਬਰ ਜ਼ੁਲਮ, ਅੱਤਿਆਚਾਰ, ਅਵਿਸ਼ਵਾਸਯੋਗ ਬੇਰਹਿਮੀ ਅਤੇ ਖੁੱਲ੍ਹੇਆਮ ਤਸ਼ੱਦਦ ਦੀ ਗਵਾਹੀ ਹੀ ਨਹੀਂ ਭਰਦਾ ਸਗੋਂ ਲੋਕਾਂ ਦੀ ਸਮੂਹਿਕ ਜ਼ਮੀਰ ਨੂੰ ਵਲੂੰਧਰਦਾ ਵੀ ਹੈ। ਇਸ ਵਰਤਾਰੇ ਦੇ ਖ਼ਿਲਾਫ਼ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਔਰਤਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਕੇ ਸਮਾਜ ਵਿੱਚ ਮਾਣ, ਸਤਿਕਾਰ ਤੇ


**ਗੁਰਨਾਮ ਸਿੰਘ ਚੌਹਾਨ**
ਫੋਨ: +91-94630-37399


ਬਰਾਬਰੀ ਦੇਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਅਤੇ ਬਘਿਆੜ ਤੇ ਭੇੜੀਆ ਕਿਸਮ ਦੇ ਹੰਕਾਰੀ ਲੋਕਾਂ ਨੂੰ ਲਾਹਨਤਾਂ ਪਾਈਆਂ।

ਜਦੋਂ ਜਨਸੰਘੀਆਂ ਦੇ ਹੱਥ ਰਾਜਸੀ ਤਾਕਤ ਆਈ ਤਾਂ ਉਨ੍ਹਾਂ ਨੇ 1947 ਵਿੱਚ ਸਿੱਖਾਂ ਤੇ ਮੁਸਲਮਾਨਾਂ ਵਿੱਚ ਫਿਰਕੂ ਦੰਗੇ ਫ਼ੈਲਾਉਣ ਲਈ ਭਾਰਤ ਤੇ ਪਾਕਿਸਤਾਨ ਵਿੱਚ ਕਥਿਤ ਅਫ਼ਵਾਹ ਫੈਲਾਈ ਕਿ ਸਿੱਖ ਮੁਸਲਮਾਨਾਂ ਦਾ ਕਤਲ ਕਰ ਕੇ ਲਾਸ਼ਾਂ ਪਾਕਿਸਤਾਨ ਭੇਜ ਰਹੇ ਹਨ ਤੇ ਮੁਸਲਮਾਨ ਸਿੱਖਾਂ ਦੀਆਂ ਲਾਸ਼ਾਂ ਭਾਰਤ ਭੇਜ ਰਹੇ ਹਨ। ਇਨ੍ਹਾਂ ਫਿਰਕੂ ਦੰਗਿਆਂ ਵਿੱਚ ਦੋਵੇਂ ਫਿਰਕਿਆਂ ਦੀਆਂ ਦੱਸ ਲੱਖ ਤੋਂ ਵੱਧ ਜਾਨਾਂ ਗਈਆਂ ਅਤੇ ਧੀਆਂ-ਭੈਣਾਂ ਤੇ ਮਾਂਵਾਂ ਨਾਲ ਜਬਰ ਜਨਾਹ ਕੀਤੇ ਗਏ। ਫਿਰਕੂ ਅਨਸਰਾਂ ਨੇ 1984 ਵਿੱਚ ਨੰਗਾ ਨਾਚ ਕਰਕੇ ਭਾਰਤ ਦੇ ਮੱਥੇ ਉਤੇ ਨਾ ਮਿਟਣ ਵਾਲਾ ਦਾਗ਼ ਲਾਇਆ।

ਇੱਕ ਪਾਸੇ ਭਾਰਤੀ ਰਾਜਨੀਤਕ ਲੋਕ ਵਿਦੇਸ਼ਾਂ ਵਿੱਚ ਜਾ ਕੇ ਭਾਰਤ ਦੇ ਲੋਕਤੰਤਰ ਦੀ ਗੱਲ ਕਰਦੇ ਹਨ, ਦੂਸਰੇ ਪਾਸੇ ਮਨੀਪੁਰ ਵਿੱਚ ਔਰਤਾਂ 'ਤੇ ਹੋਇਆ ਤਸ਼ੱਦਦ, ਜਿਨਸੀ ਹਿੰਸਾ ਤੇ ਨਫ਼ਰਤ ਦੀ ਮੂੰਹ ਬੋਲਦੀ ਤਸਵੀਰ ਹੈ ਕਿ ਔਰਤਾਂ ਦੇ ਸਰੀਰਾਂ ਨੂੰ ਜੰਗ ਦਾ ਮੈਦਾਨ ਬਣਾ ਕੇ ਕੱਟੜਵਾਦੀ ਸਮਾਜਿਕ ਅਤੇ ਸਿਆਸੀ ਪ੍ਰਭੂਸੱਤਾ ਦੀ ਇਬਾਰਤ ਲਿਖ ਰਹੇ ਹਨ।

ਦੇਸ਼ ਦੇ ਘੱਟ ਗਿਣਤੀ ਭਾਈਚਾਰਿਆਂ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਦਿਵਾਸੀਆਂ ਖ਼ਿਲਾਫ਼ ਸਵਰਨ ਜਾਤੀਆਂ ਦੇ ਲੋਕਾਂ ਦੀ ਮਾਨਸਿਕਤਾ 'ਚ ਭਰੀ ਨਫ਼ਰਤ ਭਾਵੇਂ ਨਵੀਂ ਨਹੀਂ, ਪਰ ਭਾਰਤ ਦੀ ਸੱਤਾ 'ਤੇ ਹੁਣ ਤੱਕ ਕਾਬਜ਼ ਰਹੀਆਂ ਕੱਟੜ ਤੇ ਹਿੰਦੂਵਾਦੀ ਪਾਰਟੀਆਂ ਫ਼ਿਰਕਾਪ੍ਰਸਤੀ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਮਨੀਪੁਰ ਦੇ ਖ਼ਾਨਾਜੰਗੀ ਦੇ ਹਾਲਾਤ ਲਈ ਬਿਨਾਂ ਸ਼ੱਕ ਕੱਟੜ ਹਿੰਦੂਵਾਦੀ ਭਾਜਪਾ ਤੇ ਆਰ.ਐੱਸ.ਐੱਸ. ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ, ਕਿਉਂਕਿ ਇਸ ਘਟਨਾ ਤੋਂ ਬਾਅਦ ਕੇਂਦਰ ਅਤੇ ਸੂਬਾ ਸਰਕਾਰ ਨੇ ਮੁਲਜ਼ਮਾਂ ਖਿਲਾਫ ਕਾਰਵਾਈ



ਕਰਕੇ ਮੱਚਦੇ ਫਿਰਕੂ ਭਾਂਬੜ ਨੂੰ ਸ਼ਾਂਤ ਕਰਨ ਦੀ ਥਾਂ ਸਗੋਂ ਅਪਰਾਧੀਆਂ ਦੀ ਪਿੱਠ ਥਪਥਪਾ ਕੇ ਵੋਟਾਂ ਦੀ ਰਾਜਨੀਤਕ ਖੇਡ, ਖੇਡਦਿਆਂ ਅਸੰਵੇਦਨਸ਼ੀਲਤਾ ਤੇ ਇਨਸਾਨੀਅਤ ਦੇ ਮੱਥੇ ਉਤੇ ਬਦਨੁਮਾ ਦਾਗ਼ ਲਾਇਆ ਹੈ। ਦੇਸ਼ ਦੀ ਵੰਡ ਸਮੇਂ ਅਤੇ 1984 'ਚ ਦਿੱਲੀ ਤੇ ਹੋਰ ਸ਼ਹਿਰਾਂ 'ਚ ਹਜ਼ਾਰਾਂ ਨਿਰਦੋਸ਼ ਸਿੱਖਾਂ ਤੇ ਔਰਤਾਂ ਉੱਤੇ ਕੀਤੇ ਗਏ ਜ਼ੁਲਮ ਮਨੀਪੁਰ ਦੀ ਘਟਨਾ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ। ਸੋਚੀ ਸਮਝੀ ਸਾਜਿਸ਼ ਤਹਿਤ ਇਹ ਸਿੱਖਾਂ ਦੀ ਨਸਲਕੁਸ਼ੀ ਸੀ। ਸੱਤਾ ਸ਼ਕਤੀ ਦੇ ਨਸ਼ੇ ਵਿੱਚ ਹਲ਼ਕਾਈ ਹੋਈ ਹਿੰਦੂਵਾਦੀ ਭੀੜ ਨੇ ਸਿੱਖ ਮਰਦਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਅੱਗਾਂ ਲਾਈਆਂ ਸਨ, ਸਿੱਖ ਬੀਬੀਆਂ ਦੀ ਇਸੇ ਤਰ੍ਹਾਂ ਬੇਪਤੀ ਕੀਤੀ ਤੇ ਚੌਂਕਾਂ, ਗਲੀ ਮੁਹੱਲਿਆਂ ਵਿੱਚ ਸਮੂਹਿਕ ਬਲਾਤਕਾਰ ਕਰਕੇ ਭੰਗੜੇ ਪਾਏ। ਘਟਨਾ ਦੇ ਤਿੰਨ ਦਹਾਕਿਆਂ ਬਾਅਦ ਅਮਰੀਕਾ ਦੇ ਸਦਨ ਵਿੱਚ ਉਕਤ ਘਟਨਾ ਨੂੰ ਸਿੱਖਾਂ ਦੀ ਨਸਲਕੁਸ਼ੀ ਗਰਦਾਨਿਆ ਗਿਆ ਹੈ।

ਮਨੀਪੁਰ ਦੀਆਂ ਘਟਨਾਵਾਂ ਨੂੰ ਲੈ ਕੇ ਸੰਸਦ ਵਿੱਚ ਘੱਟ ਗਿਣਤੀ


⇒ ਬਾਕੀ ਸਫਾ 6 ਉਤੇ ਪੜ੍ਹੋ...


-ਅਹਿਮ ਖ਼ੁਲਾਸਾ-

## ਤਿੰਨ ਸਾਲਾਂ ਵਿੱਚ 13 ਲੱਖ ਔਰਤਾਂ ਲਾਪਤਾ

ਹਰ ਧਰਮ ਵਿੱਚ ਔਰਤ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ। ਕਿਤੇ ਇਸ ਨੂੰ ਰਾਜਿਆਂ ਦੀ ਜਨਨੀ ਅਤੇ ਕਿਤੇ ਦੇਵੀ ਕਹਿ ਕੇ ਸਤਿਕਾਰਿਆ ਜਾਂਦਾ ਹੈ। ਮਰੀਅਮ ਅਤੇ ਫਾਤਮਾ ਦਾ ਵੀ ਉੱਚਾ ਸਥਾਨ ਹੈ। ਸਾਹਿਤ ਵਿੱਚ ਇਸ ਦੀ ਤੁਲਨਾ ਤਾਰਿਆਂ ਨਾਲ ਕੀਤੀ ਗਈ ਹੈ ਕਿ ਜਿਵੇਂ ਅਸਮਾਨ ਦੀ ਸੁੰਦਰਤਾ ਤਾਰੇ ਹਨ, ਇਸੇ ਤਰ੍ਹਾਂ ਧਰਤੀ ਦੀ ਸੁੰਦਰਤਾ ਔਰਤ ਹੈ। ਅਸਲ ਵਿੱਚ ਪੁਰਸ਼, ਔਰਤ ਵਾਸਤੇ ਕਵੀ ਘੱਟ


**ਕਮਲਜੀਤ ਸਿੰਘ ਬਣਵੈਤ**
ਫੋਨ: +91-98147-34035


ਅਤੇ ਆਲੋਚਕ ਜ਼ਿਆਦਾ ਰਿਹਾ ਹੈ। ਇਹੋ ਵਜ੍ਹਾ ਹੈ ਕਿ ਇਸ ਦੇ ਹਿੱਸੇ ਮਾਣ ਸਨਮਾਨ ਘੱਟ ਅਤੇ ਸੰਘਰਸ਼ ਜ਼ਿਆਦਾ ਆਇਆ ਹੈ। ਔਰਤ ਕੁਰਬਾਨੀ ਦੀ ਮੂਰਤ ਹੈ। ਬਾਵਜੂਦ ਇਸ ਦੇ ਪੁਰਸ਼ ਅਤੇ ਸਮਾਜ ਨੇ ਇਸ ਦਾ ਬਣਦਾ ਮੁੱਲ ਨਹੀਂ ਪਾਇਆ ਹੈ। ਭਾਰਤ ਵਿੱਚ ਹਰ ਰੋਜ਼ 63 ਔਰਤਾਂ ਖੁਦਕੁਸ਼ੀ ਕਰਨ ਲਈ ਮਜਬੂਰ ਹੋ ਰਹੀਆਂ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪਿਛਲੇ ਹਫਤੇ ਭਾਰਤ ਦੀ ਪਾਰਲੀਮੈਂਟ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਿਕ ਸਾਲ 2019 ਤੋਂ ਤਿੰਨ ਸਾਲਾਂ ਦੌਰਾਨ 13 ਲੱਖ 13 ਹਜ਼ਾਰ ਕੁੜੀਆਂ ਅਤੇ ਔਰਤਾਂ ਲਾਪਤਾ ਹੋਈਆਂ ਹਨ। ਅਠਾਰਾਂ ਸਾਲ ਤੋਂ ਵੱਧ ਉਮਰ ਦੀਆਂ 10 ਲੱਖ 51 ਹਜ਼ਾਰ 648 ਔਰਤਾਂ ਲਾਪਤਾ ਹੋਈਆਂ ਹਨ, ਜਦਕਿ 18 ਸਾਲ ਤੱਕ ਦੀਆਂ 2 ਲੱਖ 51 ਹਜ਼ਾਰ 430 ਕੁੜੀਆਂ ਗਾਇਬ ਹੋਈਆਂ। ਸਭ ਤੋਂ ਵੱਧ ਮਾਰ ਮੱਧ ਪ੍ਰਦੇਸ਼ ਨੂੰ ਪਈ ਹੈ। ਪੱਛਮੀ ਬੰਗਾਲ ਦਾ ਨਾਂ ਦੂਜੇ ਨੰਬਰ 'ਤੇ ਆ ਰਿਹਾ ਹੈ। ਇਹ ਅੰਕੜੇ ਕੌਮੀ ਅਪਰਾਧ ਰਿਕਾਰਡ ਬਿਊਰੋ ਵਲੋਂ ਜਾਰੀ ਕੀਤੇ ਗਏ ਹਨ। ਪਾਰਲੀਮੈਂਟ ਦੇ ਮੌਜੂਦਾ ਸੈਸ਼ਨ ਦੌਰਾਨ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਇਨ੍ਹਾਂ ਨੂੰ ਪੇਸ਼ ਕੀਤਾ ਗਿਆ ਹੈ।

ਸੰਸਦ ਨੂੰ ਮੁਹੱਈਆ ਕਰਵਾਏ ਗਏ ਅੰਕੜਿਆਂ ਮੁਤਾਬਿਕ ਮੱਧ ਪ੍ਰਦੇਸ਼ ਤੋਂ ਇੱਕ ਲੱਖ 60 ਹਜ਼ਾਰ 180 ਔਰਤਾਂ ਅਤੇ 38 ਹਜ਼ਾਰ 234 ਕੁੜੀਆਂ ਲਾਪਤਾ ਹੋਈਆਂ ਹਨ। ਅੰਕੜਿਆਂ ਮੁਤਾਬਿਕ ਕਿਸੇ


⇒ ਬਾਕੀ ਸਫਾ 6 ਉਤੇ ਪੜ੍ਹੋ...



'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ


ਨੋਟ: ਲੇਖਕ ਆਪਣੀਆਂ ਲਿਖਤਾਂ ਅਤੇ ਪਾਠਕ ਆਪਣੇ ਵਿਚਾਰ "ਪੰਜਾਬੀ ਪਰਵਾਜ਼" ਦੀ ਈਮੇਲ punjabiparwaz@gmail.com ਉਤੇ ਭੇਜ ਸਕਦੇ ਹਨ।


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

## ਗਹਿਰ-ਗੰਭੀਰ

# ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਦਾ ਮਸਲਾ

**ਪੰਜਾਬ ਦਾ ਅਰਥਚਾਰਾ ਕਿਵੇਂ ਮਜ਼ਬੂਤ ਹੋ ਸਕਦਾ ਹੈ? ਇਹ ਇੱਕ ਗਹਿਰ-ਗੰਭੀਰ ਸਵਾਲ ਹੈ; ਕਿਉਂਕਿ ਪੰਜਾਬ ਸੱਚਮੁੱਚ ਹੀ ਗੰਭੀਰ ਵਿੱਤੀ ਸੰਕਟ, ਕਰਜ਼ੇ ਦੇ ਜਾਲ਼, ਲਗਾਤਾਰ ਡਿੱਗ ਰਹੀ ਵਿਕਾਸ ਦਰ ਅਤੇ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਦੇ ਸੰਕਟ ਨਾਲ ਜੂਝ ਰਿਹਾ ਹੈ। ਉਤੋਂ ਕੁਦਰਤ ਦਾ ਤਾਜ਼ਾ ਕਹਿਰ ਇਹ ਕਿ ਹੜ੍ਹਾਂ ਦੀ ਮਾਰ ਨੇ ਅਨੇਕਾਂ ਪਿੰਡਾਂ ਦਾ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ ਤੇ ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਉਸ ਨੇ ਵੀ ਹੜ੍ਹ-ਪੀੜਤਾਂ ਨੂੰ ਆਰਥਿਕ ਦੁਰਗਤੀ ਵੱਲ ਧੱਕ ਦਿੱਤਾ ਹੈ। ਹਥਲੇ ਲੇਖ ਵਿੱਚ ਸ. ਕਰਮ ਬਰਸਟ ਨੇ ਪੰਜਾਬ ਦੇ ਅਰਥਚਾਰੇ 'ਤੇ ਚਿੰਤਾ ਜਾਹਰ ਕੀਤੀ ਹੈ ਕਿ ਪੰਜਾਬ ਵਿੱਚ ਪਿਛਲੇ 30 ਸਾਲਾਂ ਤੋਂ ਘਟ ਰਹੀ ਵਿਕਾਸ ਦੀ ਦਰ ਵੀ ਗੰਭੀਰ ਚਿੰਤਾ ਦਾ ਸਬੱਬ ਤਾਂ ਹੈ ਹੀ, ਰਾਜ ਦੇ ਕੁੱਲ ਮਾਲੀਏ ਵਿੱਚ ਗੈਰ-ਟੈਕਸ ਮਾਲੀਏ ਦਾ ਹਿੱਸਾ ਵੀ ਲਗਾਤਾਰ ਘਟ ਰਿਹਾ ਹੈ। ਉਨ੍ਹਾਂ ਸੁਝਾਅ ਪੇਸ਼ ਕੀਤਾ ਹੈ ਕਿ ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਲਈ ਵਿੱਤੀ ਸਰੋਤਾਂ ਨੂੰ ਬਰਬਾਦ ਕਰਨ ਦੀ ਬਜਾਏ ਸਮਾਜਿਕ ਪੂੰਜੀ ਨਿਵੇਸ਼ ਨੂੰ ਪਹਿਲ ਦੇਣੀ ਚਾਹੀਦੀ ਹੈ। ਮੁਫਤ ਸਹੂਲਤਾਂ ਸਿਰਫ ਸੱਚਮੁੱਚ ਹੀ ਲੋੜਵੰਦ ਵਰਗਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੀ ਘੱਟੋ ਘੱਟ ਮਨੁੱਖੀ ਜੀਵਨ ਜਿਉ ਸਕਣ।**




**ਕਰਮ ਬਰਸਟ**
**ਫੋਨ: +91-9417073831**



ਪੰਜਾਬ ਦੀ ਮੌਜੂਦਾ ਸਰਕਾਰ ਨੂੰ ਜਿੰਨਾ ਵੱਡਾ ਬਹੁਮਤ ਮਿਲਿਆ ਸੀ, ਉਸ ਅਨੁਸਾਰ ਜਨਤਾ ਦੀਆਂ ਉਮੀਦਾਂ ਦੀ ਲੰਬਾਈ ਦਾ ਆਕਾਰ ਵੀ ਵੱਡਾ ਹੋਣਾ ਸੁਭਾਵਿਕ ਸੀ। ਹੁਣ ਜਦੋਂ ਸਰਕਾਰ ਬਣੀ ਨੂੰ ਇੱਕ ਸਾਲ ਤੋਂ ਉਤੇ ਦਾ ਸਮਾਂ ਹੋ ਗਿਆ ਹੈ, ਤਾਂ ਇਸ ਦੀਆਂ ਪ੍ਰਾਪਤੀਆਂ ਉੱਤੇ ਝਾਤ ਮਾਰਨ ਦਾ ਵੇਲਾ ਆ ਗਿਆ ਹੈ। ਬੇਸ਼ੱਕ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਵਾਲੀਆਂ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਖੇਤੀ ਸੈਕਟਰ ਲਈ ਮੁਫ਼ਤ ਬਿਜਲੀ, ਮਾਲੀਏ ਦੀ ਮੁਆਫ਼ੀ, ਚੁੰਗੀਆਂ ਦੇ ਖ਼ਾਤਮੇ ਅਤੇ ਹੋਰ ਸਮਾਜਿਕ ਵਰਗਾਂ ਲਈ ਖਰਾਇਤੀ ਸਹੂਲਤਾਂ ਦਾ ਮੁੱਢ ਬੰਨ੍ਹ ਕੇ ਪੰਜਾਬ ਦੇ ਮਾਲੀ ਸੋਮਿਆਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਸੀ, ਪਰ ਇਹ ਅਜਿਹੀ ਪੱਕੀ ਰਸਮ ਮਿੱਥ ਦਿੱਤੀ ਗਈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਇਨ੍ਹਾਂ ਖਰਾਇਤੀ ਨੀਤੀਆਂ ਨੂੰ ਜਾਰੀ ਰੱਖਣ ਲਈ ਮਜ਼ਬੂਰ ਦਿਖਾਈ ਦਿੰਦੀ ਹੈ। ਇਕ ਤੋਂ ਬਾਅਦ ਦੂਜੀ ਸਰਕਾਰ ਨੇ ਵਧ ਚੜ੍ਹ ਕੇ ਲੋਕ ਲੁਭਾਊ ਨੀਤੀਆਂ ਦੀ ਰਵਾਇਤ ਨੂੰ ਨਾ ਸਿਰਫ ਕਾਇਮ ਰੱਖਿਆ, ਸਗੋਂ ਵਕਤੀ ਲਾਹਿਆਂ ਲਈ ਇਨ੍ਹਾਂ ਖਰਾਇਤਾਂ ਵਿੱਚ ਵਾਧਾ ਵੀ ਕੀਤਾ ਜਾਂਦਾ ਰਿਹਾ ਹੈ। ਹਾਲਤ ਇਹ ਬਣ ਗਈ ਹੈ ਕਿ ਪੰਜਾਬ ਸਰਕਾਰ ਦੇ ਮਾਲੀ ਸੋਮੇ ਸੁੱਕ ਰਹੇ ਹਨ।

ਪਿਛਲੀਆਂ ਸਰਕਾਰਾਂ ਵਾਂਗ ਹੀ ਭਗਵੰਤ ਮਾਨ ਸਰਕਾਰ ਸਰਕਾਰੀ ਅਤੇ ਗੈਰ-ਸਰਕਾਰੀ ਸਰੋਤਾਂ ਤੋਂ ਕਰਜ਼ੇ ਚੁੱਕ ਕੇ ਕੰਮ ਚਲਾ ਰਹੀ ਹੈ। ਸਿਰਫ ਅਪਰੈਲ ਤੋਂ ਦਸੰਬਰ ਤਕ ਹੀ 24,500 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕ ਕੇ ਪੁਰਾਣੀਆਂ ਦੇਣਦਾਰੀਆਂ ਨੂੰ ਉਤਾਰਿਆ ਗਿਆ ਹੈ। ਜੇ ਮਹੀਨਾਵਾਰ ਇਹੀ ਔਸਤ ਰਹੀ ਤਾਂ ਸਾਲ ਦੇ ਅਖੀਰ ਤੱਕ ਕੁਲ ਕਰਜ਼ਾ ਤਿੰਨ ਲੱਖ ਚੌਤੀਂ ਹਜ਼ਾਰ ਕਰੋੜ ਰੁਪਏ ਹੋ ਜਾਵੇਗਾ। ਇਸ ਤੋਂ ਇਲਾਵਾ ਵਿਸ਼ਵ ਬੈਂਕ ਤੋਂ ਨਵੀਆਂ ਸ਼ਰਤਾਂ ਉਪਰ 1200 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੀਆਂ ਸ਼ਹਿਰੀ ਸਹੂਲਤਾਂ ਨੂੰ ਬਿਹਤਰ ਬਣਾਉਣ ਦੀ ਆੜ ਹੇਠ ਨਿੱਜੀਕਰਨ ਦੀ ਨੀਤੀ ਨੂੰ ਹੀ ਹੁਲਾਰਾ ਦਿੱਤਾ ਗਿਆ ਹੈ।

ਚੇਤੇ ਰਹੇ, 1996 ਵਿੱਚ ਕਾਂਗਰਸ ਸਰਕਾਰ ਵੇਲੇ ਵਿਸ਼ਵ ਬੈਂਕ ਕੋਲ਼ੋਂ 420 ਕਰੋੜ ਰੁਪਏ ਦਾ ਕਰਜ਼ਾ ਚੁੱਕ ਕੇ ਪੰਜਾਬ ਦੇ ਸਿਹਤ ਵਿਭਾਗ ਨੂੰ ਨਿੱਜੀਕਰਨ ਵੱਲ ਧੱਕ ਦਿੱਤਾ ਗਿਆ ਸੀ, ਪਰ ਪਰਕਾਸ਼ ਸਿੰਘ ਬਾਦਲ ਦੀ 1997 ਵਾਲੀ ਸਰਕਾਰ ਨੇ ਇਸ ਨੀਤੀ ਨੂੰ ਰੱਦ ਕਰਨ ਦੀ ਬਜਾਏ ਪੇਂਡੂ ਡਿਸਪੈਂਸਰੀਆਂ ਖਤਮ ਕਰਨ ਅਤੇ ਸਿਹਤ ਵਿਭਾਗ ਦੇ ਪੇਂਡੂ ਤੇ ਅਰਧ ਸ਼ਹਿਰੀ ਇਲਾਕਿਆਂ ਵਿੱਚੋਂ ਡਾਕਟਰਾਂ, ਫਰਮਾਸਿਸਟਾਂ, ਨਰਸਾਂ ਅਤੇ ਸਹਾਇਕ ਸਟਾਫ਼ ਦੀਆਂ 1200 ਤੋਂ ਵੱਧ ਅਸਾਮੀਆਂ ਨੂੰ ਖਤਮ ਕਰਨ ਲਈ ਕਾਂਗਰਸ ਤੋਂ ਵੀ ਅੱਗੇ ਹੋ ਕੇ ਕੰਮ ਕੀਤਾ। ਉਦੋਂ ਦਾ ਬਰਬਾਦ ਕੀਤਾ ਹੋਇਆ ਸਿਹਤ ਮਹਿਕਮਾ ਅੱਜ ਤਕ ਮੁੜ ਸੁਰਜੀਤ ਨਹੀਂ ਹੋ ਸਕਿਆ।

ਭਗਵੰਤ ਮਾਨ ਸਰਕਾਰ ਨੇ ਵੀ ਸਿਹਤ ਵਿਭਾਗ ਨੂੰ ਮਜ਼ਬੂਤ ਕਰਨ ਦੀ ਬਜਾਏ ਸਿਰਫ ਦਿੱਲੀ ਦੇ ਪੈਟਰਨ 'ਤੇ ਮੁਹੱਲਾ ਕਲਿਨਿਕ ਖੋਲ੍ਹ ਦਿੱਤੇ ਹਨ, ਪਰ ਇਨ੍ਹਾਂ ਕਲਿਨਿਕਾਂ ਦੀ ਕਾਰਗੁਜ਼ਾਰੀ ਨਾਂਹ ਦੇ ਬਰਾਬਰ ਹੈ। ਉਲਟਾ ਸ਼ਹਿਰੀ ਖੇਤਰਾਂ ਦੇ ਹਸਪਤਾਲਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਨੂੰ ਮਿਲਣ ਵਾਲੀਆਂ ਦਵਾਈਆਂ ਤੇ ਜ਼ਰੂਰੀ ਸਾਜ਼ੋ-ਸਾਮਾਨ ਨੂੰ ਮੁਹੱਲਾ ਕਲਿਨਿਕਾਂ ਵੱਲ ਖਿਸਕਾ ਦਿੱਤਾ ਗਿਆ ਹੈ। ਜ਼ਿਲ੍ਹਾ, ਬਲਾਕ ਅਤੇ ਕਸਬਿਆਂ ਵਿਚਲੇ ਹਸਪਤਾਲ ਤੇ ਕਮਿਊਨਿਟੀ ਸਿਹਤ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ। 'ਆਪ' ਸਰਕਾਰ ਵੱਲੋਂ ਪੰਜਾਬ 'ਚ ਸ਼ੁਰੂ ਕੀਤੇ ਖਰਾਇਤੀ ਮਾਡਲ ਨਾਲ ਸੂਬੇ ਦੇ ਮਾਲੀਆ ਸਰੋਤ ਸੁੱਕ ਰਹੇ ਹਨ। ਸਿਰਫ ਸ਼ਰਾਬ ਅਤੇ ਆਬਕਾਰੀ ਨੀਤੀ ਨੂੰ ਛੱਡ ਕੇ ਹੋਰ ਕਿਸੇ ਪਾਸਿਓਂ ਵੀ ਮਾਲੀ ਆਮਦਨ ਵਿੱਚ ਗਿਣਨਯੋਗ ਵਾਧਾ ਨਹੀਂ ਹੋ ਰਿਹਾ।

ਕਾਂਗਰਸ ਸਰਕਾਰ ਵੇਲੇ ਦਾ ਸਭ ਤੋਂ ਚਰਚਿਤ ਰੇਤੇ, ਬਜਰੀ, ਗੈਰ-ਕਾਨੂੰਨੀ ਖੋਦ-ਖੁਦਾਈ ਦੇ ਬਦਨਾਮ ਧੰਦੇ ਤੇ ਪੰਜਾਬ ਅਰਥਚਾਰੇ ਦੀ ਮੁੜ ਸੁਰਜੀਤੀ ਦੇ ਮਸਲੇ ਦੇ ਨਾਲ ਨਾਲ ਨਕਲੀ ਸ਼ਰਾਬ ਅਤੇ ਰਸਾਇਣਕ ਨਸ਼ਿਆਂ ਦੀ ਵਿਕਰੀ, ਲੁੱਟ ਖੋਹ ਦੀਆਂ ਘਟਨਾਵਾਂ, ਕਤਲ, ਨਸ਼ਿਆਂ ਦੀ ਤੋਟ ਕਾਰਨ ਨੌਜਵਾਨਾਂ ਦੀਆਂ ਖ਼ੁਦਕੁਸ਼ੀਆਂ ਤੇ ਸਰਕਾਰੀ ਮਹਿਕਮਿਆਂ ਵਿੱਚ ਭ੍ਰਿਸ਼ਟਾਚਾਰ ਦੀਆਂ ਅਲਾਮਤਾਂ ਬਾਦਸਤੂਰ ਜਾਰੀ ਹਨ। ਬੇਸ਼ਕ ਪੰਜਾਬ ਦੇ ਹੁਣ ਤੱਕ ਦੇ ਮਾੜੇ ਵਿੱਤੀ ਪ੍ਰਬੰਧ ਲਈ ਭਗਵੰਤ ਮਾਨ ਦੀ ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਪਰ ਇਸ ਵਿੱਚ ਸੁਧਾਰ ਕਰਨ ਲਈ ਵੀ ਨਵੀਂ ਸਰਕਾਰ ਕੁਝ ਕਰਨ ਤੋਂ ਅਸਮਰੱਥ ਜਾਪ ਰਹੀ ਹੈ। ਪੰਜਾਬ ਵਿੱਚ ਪਹਿਲਾਂ ਤੋਂ ਚੱਲ ਰਹੀ ਬਿਜਲੀ-ਪਾਣੀ ਦੀ ਪੁਰਾਣੀ ਖਰਾਇਤੀ ਸਹੂਲਤ ਨੂੰ ਜਾਰੀ ਰੱਖਣ ਤੋਂ ਇਲਾਵਾ ਹਰ ਤਬਕੇ ਲਈ ਇੱਕ ਵਾਢਿਓਂ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਕੋਈ ਵੀ ਵਾਜਬੀਅਤ ਨਹੀਂ ਬਣਦੀ। ਇਸ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਸਲਾਨਾ 5,000 ਕਰੋੜ ਰੁਪਏ ਦੀ ਸਬਸਿਡੀ ਦਾ ਵਾਧੂ ਬੋਝ ਵਧ ਗਿਆ ਹੈ। ਮੌਜੂਦਾ ਵਿੱਤੀ ਸਾਲ ਵਿੱਚ ਬਿਜਲੀ ਦੀ ਸਮੁੱਚੀ ਸਬਸਿਡੀ 24,886 ਕਰੋੜ ਰੁਪਏ ਬਣ ਜਾਂਦੀ ਹੈ। ਬਿਜਲੀ ਮਹਿਕਮੇ ਨੂੰ ਪੈਣ ਵਾਲੇ ਘਾਟੇ ਦੀ ਨੁਕਸਾਨਪੂਰਤੀ ਲਈ ਨਾ ਤਾਂ ਪਹਿਲਾਂ ਬਾਦਲ-ਕੈਪਟਨ ਸਰਕਾਰ ਨੇ ਅਤੇ ਨਾ ਹੀ ਮਾਨ ਸਰਕਾਰ ਨੇ ਕੋਈ ਨਿਸ਼ਚਿਤ ਵਿਵਸਥਾ ਕੀਤੀ ਹੈ।

ਇਸ ਦਾ ਨਤੀਜਾ ਸਰਕਾਰੀ ਅਦਾਰਿਆਂ ਦੀ ਮੁਕੰਮਲ ਤਬਾਹੀ ਅਤੇ ਅੰਤ ਨੂੰ ਨਿੱਜੀ ਖੇਤਰ ਲਈ ਅਥਾਹ ਮੁਨਾਫੇ ਬਟੋਰਨ ਲਈ ਰਾਹ ਮੋਕਲਾ ਕਰਨ ਵਿੱਚ ਨਿਕਲੇਗਾ। ਬਿਜਲੀ ਅਤੇ ਟਰਾਂਸਪੋਰਟ ਵਿਭਾਗ ਵਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਲਈ ਮੁਆਵਜ਼ਾ ਨਹੀਂ ਮਿਲ ਰਿਹਾ ਤੇ ਇਹ ਅਦਾਰੇ ਘਾਟੇ ਵਿੱਚ ਜਾਣ ਲਈ ਸਰਾਪੇ ਗਏ ਹਨ। ਨਿੱਜੀਕਰਨ ਦਾ ਇਹ ਉਹੀ ਰਾਹ ਹੈ, ਜੋ ਕੇਂਦਰੀ ਹਕੂਮਤ ਨੇ ਸਰਕਾਰੀ ਟੈਲੀਫ਼ੋਨ ਕੰਪਨੀਆਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਕੇ ਰਿਲਾਇੰਸ ਅਤੇ ਏਅਰਟੈੱਲ ਆਦਿ ਲਈ ਖੋਲ੍ਹਿਆ ਗਿਆ ਸੀ। ਪੰਜਾਬ ਭਾਰਤ ਦੇ ਸਭ ਤੋਂ ਵੱਧ ਕਰਜ਼ਦਾਰ ਰਾਜਾਂ ਵਿੱਚੋਂ ਇੱਕ ਹੈ। ਨਵੀਂ ਸਰਕਾਰ ਦੇ ਸੱਤਾ ਵਿੱਚ ਆਉਣ ਵੇਲੇ ਤਕ ਕਰਜ਼ੇ ਦਾ ਅਨੁਪਾਤ ਰਾਜ ਦੇ ਕੁੱਲ ਘਰੇਲੂ ਉਤਪਾਦ (ਜੀ.ਐੱਸ.ਡੀ.ਪੀ.) ਦਾ 47 ਪ੍ਰਤੀਸ਼ਤ ਸੀ, ਜੋ ਹੁਣ ਵਧ ਕੇ 53.3 ਫੀਸਦੀ ਤਕ ਪਹੁੰਚ ਗਿਆ ਹੈ। ਜੇ ਪਿਛਲੇ ਪੰਦਰਾਂ ਕੁ ਸਾਲਾਂ ਅੰਦਰ ਹੀ ਇਹ ਕਰਜ਼ਾ ਕਰੋੜ ਰੁਪਏ ਸਲਾਨਾ ਦੀ ਦਰ ਨਾਲ ਵਧ ਕੇ 3,34,000 ਕਰੋੜ ਰੁਪਏ ਤੱਕ ਪੁੱਜ ਗਿਆ ਹੈ, ਤਾਂ ਹਕੂਮਤ ਨੂੰ ਹੀ ਇਸਦਾ ਜਵਾਬ ਦੇਣਾ ਚਾਹੀਦਾ ਹੈ।

ਕੇਂਦਰ ਸਰਕਾਰ ਵੱਲੋਂ 3772 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦੇਣ ਨਾਲ ਅਤੇ ਕੁਝ ਕਰਜ਼ੇ ਦੀ ਮੋੜਾਈ ਹੋਣ ਨਾਲ ਅਕਾਲੀ-ਭਾਜਪਾ ਸਰਕਾਰ ਨੂੰ ਫਰਵਰੀ 2007 ਵਿੱਚ ਵਿਰਸੇ ਵਿੱਚ ਵਿਆਜ ਸਮੇਤ 48,344 ਕਰੋੜ ਰੁਪਏ ਦਾ ਕਰਜ਼ਾ ਮਿਲਿਆ ਸੀ। ਸਪਸ਼ਟ ਹੈ ਕਿ ਇਹ ਕਰਜ਼ਾ ਆਪਣੇ ਆਪ ਤਾਂ ਨਹੀਂ ਵਧਿਆ। ਮੌਜੂਦਾ ਸਾਲ ਦੇ ਬਜਟ ਅਨੁਮਾਨ ਮੁਤਾਬਕ ਇਸ ਉਪਰ 36,068 ਕਰੋੜ ਰੁਪਏ ਤੋਂ ਵੱਧ ਦਾ ਸਾਲਾਨਾ ਵਿਆਜ ਦੇਣਾ ਪਵੇਗਾ। ਪੰਜਾਬ ਦੇ ਪ੍ਰਤੀ ਵਿਅਕਤੀ ਸਿਰ ਇੱਕ ਲੱਖ ਰੁਪਏ ਦਾ ਕਰਜ਼ਾ ਹੈ, ਜਿਹੜਾ ਅਗਲੇ ਸਾਲ ਤਕ ਇੱਕ ਲੱਖ ਵੀਹ ਹਜ਼ਾਰ ਰੁਪਏ ਪ੍ਰਤੀ ਵਿਅਕਤੀ ਹੋ ਜਾਣ ਦੀ ਸੰਭਾਵਨਾ ਹੈ। ਕਰਜ਼ਾ ਮੋੜਾਈ ਦੀ ਰਕਮ 2011-12 ਵਿੱਚ 8,955 ਕਰੋੜ ਰੁਪਏ ਤੋਂ ਵਧ ਕੇ 2020-21 ਵਿੱਚ 32,080 ਕਰੋੜ ਰੁਪਏ ਹੋ ਗਈ ਹੈ। ਇਸ ਲਈ ਸਰਕਾਰ ਜਿੰਨਾ ਕਰਜ਼ਾ ਮੋੜਦੀ ਹੈ, ਉਸ ਤੋਂ ਜ਼ਿਆਦਾ ਉਧਾਰ ਚੁੱਕ ਲੈਂਦੀ ਹੈ। ਜੇ ਚੋਣ ਵਾਅਦੇ ਮੁਤਾਬਕ ਪੰਜਾਬ ਵਿੱਚ ਨਵੀਆਂ ਵਚਨਬੱਧ ਗਾਰੰਟੀਆਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਇਹ ਮੌਜੂਦਾ ਮੁਫਤ ਸਹੂਲਤਾਂ 2022-23 ਵਿੱਚ ਪੰਜਾਬ ਦੀ ਮਾਲੀ ਆਮਦਨ ਦਾ 28,962 ਕਰੋੜ ਰੁਪਏ ਖਾ ਜਾਣਗੀਆਂ। ਇਸ ਹਾਲਤ ਵਿੱਚ ਪੰਜਾਬ ਦਾ ਅਰਥਚਾਰਾ ਕਿਵੇਂ ਮਜ਼ਬੂਤ ਹੋ ਸਕਦਾ ਹੈ?

ਰਾਜ ਦੇ ਕੁੱਲ ਮਾਲੀਏ ਵਿੱਚ ਗੈਰ-ਟੈਕਸ ਮਾਲੀਏ ਦਾ ਹਿੱਸਾ ਲਗਾਤਾਰ ਘਟ ਰਿਹਾ ਹੈ। ਪੰਜਾਬ ਵਿੱਚ ਪਿਛਲੇ 30 ਸਾਲਾਂ ਤੋਂ ਘਟ ਰਹੀ ਵਿਕਾਸ ਦੀ ਦਰ ਵੀ ਗੰਭੀਰ ਚਿੰਤਾ ਦਾ ਸਬੱਬ ਹੈ। ਜੀ.ਐੱਸ.ਡੀ.ਪੀ. ਵਿਕਾਸ ਦਰ ਦੇ ਸੰਦਰਭ ਵਿਚ, ਪੰਜਾਬ 17 ਜਨਰਲ ਸ਼੍ਰੇਣੀ ਦੇ ਰਾਜਾਂ ਵਿੱਚੋਂ 17ਵੇਂ ਅਤੇ ਸਾਰੇ 28 ਰਾਜਾਂ ਵਿਚੋਂ 24ਵੇਂ ਸਥਾਨ 'ਤੇ ਪਹੁੰਚ ਚੁਕਿਆ ਹੈ। ਪ੍ਰਤੀ ਵਿਅਕਤੀ ਸ਼ੁੱਧ ਆਮਦਨ ਦੇ ਮਾਮਲੇ ਵਿਚ ਪੰਜਾਬ 19ਵੇਂ ਸਥਾਨ 'ਤੇ ਆ ਗਿਆ ਹੈ। ਪੰਜਾਬ ਅੰਦਰ ਧਰਤੀ ਹੇਠਲੇ ਤੇ ਬਰਸਾਤੀ ਪਾਣੀ ਦੀ ਸਾਂਭ-ਸੰਭਾਲ ਦਾ ਗੰਭੀਰ ਸੰਕਟ ਹੈ। ਖੇਤੀ ਖੇਤਰ ਦੇ ਧਨਾਢ ਜ਼ਿਮੀਂਦਾਰਾਂ ਨੂੰ ਦਿੱਤੀ ਜਾ ਰਹੀ ਬਿਜਲੀ ਸਬਸਿਡੀ, ਸਰਕਾਰੀ ਬਜਟ ਦਾ 26,454 ਕਰੋੜ ਰੁਪਏ ਛਕ ਰਹੀ ਹੈ, ਜੋ ਇਸ ਤੋਂ ਵੀ ਵਧ ਕੇ ਧਰਤੀ ਹੇਠਲੇ ਪਾਣੀ ਨੂੰ ਨਿਚੋੜ ਕੇ ਪੰਜਾਬ ਨੂੰ ਮਾਰੂਥਲ ਬਣਨ ਵੱਲ ਧੱਕਣ ਦਾ ਕਾਰਨ ਬਣ ਰਹੀ ਹੈ। ਛੋਟਾ ਗਰੀਬ ਕਿਸਾਨ ਅਤੇ ਪੇਂਡੂ ਮਜ਼ਦੂਰ ਵਰਗ ਤਾਂ ਘਰੇਲੂ ਨਲ਼ਕਿਆਂ ਦੀ ਅਣਹੋਂਦ ਕਾਰਨ ਸਾਫ਼ ਪਾਣੀ ਦੀ ਬੂੰਦ ਬੂੰਦ ਨੂੰ ਵੀ ਤਰਸ ਗਿਆ ਹੈ।

ਸਿਆਸੀ ਜੋਖਮ ਸੇਵਾਵਾਂ (ਪੀ.ਆਰ.ਐਸ.) ਦੇ ਮਾਡਲ ਅਨੁਸਾਰ ਸਰਕਾਰ ਦਾ ਪੱਕਾ-ਠੱਕਾ ਖਰਚਾ ਮਾਲੀਆ ਰਸੀਦਾਂ ਦੀ ਵੰਡ ਦਾ 70 ਪ੍ਰਤੀਸ਼ਤ ਬਣਦਾ ਹੈ, ਜੋ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਸਮੇਤ ਹੋਰ ਜ਼ਰੂਰੀ ਭੁਗਤਾਨਾਂ ਲਈ ਰੱਖਣਾ ਹੀ ਪੈਂਦਾ ਹੈ। ਇਸ ਲਈ ਸੂਬੇ ਅੰਦਰ ਪੂੰਜੀਗਤ ਨਿਵੇਸ਼ ਲਈ ਕੋਈ ਰਕਮ ਹੀ ਨਹੀਂ ਬਚਦੀ। ਪੰਜਾਬ ਦਾ ਟੈਕਸ ਅਤੇ ਗੈਰ-ਟੈਕਸ ਮਾਲੀਆ ਇਕਹਿਰੇ ਅੰਕਾਂ ਵਿੱਚ ਹੀ ਵਧਿਆ ਹੈ। ਬਜਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਵਿੱਤੀ ਵਰ੍ਹੇ ਦੀਆਂ ਕੁੱਲ ਮਾਲੀ ਪ੍ਰਾਪਤੀਆਂ ਵਿੱਚੋਂ ਸਰਕਾਰ ਆਪਣੇ ਤੌਰ 'ਤੇ 54% ਵੱਧ ਜੁਟਾਵੇਗੀ, ਪਰ ਹੁਣ ਤਕ ਦੀ ਕਾਰਗੁਜ਼ਾਰੀ ਤੋਂ ਅਜਿਹਾ ਕੋਈ ਹਾਂ-ਪੱਖੀ ਸੰਕੇਤ ਨਹੀਂ ਮਿਲਦਾ। ਪਿਛਲੇ ਸਾਲ ਦੇ ਬਜਟ ਵਿੱਚ ਮਾਲੀ ਆਮਦਨ ਮਨਫੀ 18 ਫੀਸਦੀ ਰਹੀ ਸੀ, ਪਰ ਮੌਜੂਦਾ ਸਰਕਾਰ ਨੇ ਬਿਨਾ ਕੋਈ ਭਵਿੱਖ ਨਕਸ਼ਾ ਉਲੀਕਿਆਂ ਮਾਲੀ ਪ੍ਰਾਪਤੀਆਂ ਦਾ ਟੀਚਾ 81,458 ਤੋਂ ਵਧਾ ਕੇ 95,378 ਕਰੋੜ ਰੁਪਏ (17 ਫੀਸਦੀ ਦਾ ਵਾਧਾ) ਮਿੱਥ ਲਿਆ ਹੈ। ਜਦੋਂ ਨਵੇਂ ਸਾਲ ਵਿੱਚ ਇੱਕ ਵੀ ਵਾਧੂ ਟੈਕਸ ਨਹੀਂ ਲਾਇਆ, ਟੈਕਸ ਦੀਆਂ ਚੋਰ-ਮੋਰੀਆਂ ਰੋਕਣ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਅਤੇ ਖਰਾਇਤਾਂ ਵਿੱਚ ਅਥਾਹ ਵਾਧਾ ਕਰ ਦਿੱਤਾ ਹੈ ਤਾਂ ਮਾਲੀ ਆਮਦਨ ਵਧ ਜਾਣ ਦੀ ਇੱਛਾ ਕਰਨੀ ਵੀ ਫਜ਼ੂਲ ਹੈ।

ਇਸ ਵੇਲੇ ਪੰਜਾਬ ਸਚਮੁੱਚ ਹੀ ਗੰਭੀਰ ਵਿੱਤੀ ਸੰਕਟ, ਕਰਜ਼ੇ ਦੇ ਜਾਲ, ਲਗਾਤਾਰ ਡਿੱਗ ਰਹੀ ਵਿਕਾਸ ਦਰ ਅਤੇ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹੀ ਸੰਕਟ ਹਮੇਸ਼ਾ ਸਮਾਜ ਦੇ ਇੱਕ ਜਾਂ ਦੂਜੇ ਵਰਗ ਵਿੱਚ ਹਿੰਸਾ ਨੂੰ ਉਕਸਾਵਾ ਦਿੰਦਾ ਰਿਹਾ ਹੈ। ਸਮਾਜ ਵਿਰੋਧੀ ਅਤੇ ਧਾਰਮਿਕ ਮੂਲਵਾਦੀ ਤਾਕਤਾਂ ਇਸ ਹਾਲਤ ਦਾ ਲਾਹਾ ਲੈਣ ਲਈ ਅੰਗੜਾਈਆਂ ਲੈ ਰਹੀਆਂ ਹਨ। ਪੰਜਾਬ ਸਰਕਾਰ ਨੂੰ ਜਿੱਥੇ ਅਰਥਚਾਰੇ ਦੀ ਮੁੜ ਸੁਰਜੀਤੀ ਦੇ ਗੰਭੀਰ ਯਤਨ ਕਰਨੇ ਚਾਹੀਦੇ ਹਨ, ਉੱਥੇ ਮੂਲਵਾਦੀ ਤਾਕਤਾਂ ਨੂੰ ਵੀ ਕੰਟਰੋਲ ਹੇਠ ਰੱਖਣ ਲਈ ਫ਼ੌਰੀ ਗੰਭੀਰ ਹੋਣ ਦੀ ਲੋੜ ਹੈ।

1980-1995 ਦੇ ਦੌਰ ਨੇ ਪੰਜਾਬ ਨੂੰ ਆਰਥਿਕ ਦੁਰਗਤੀ ਦੀ ਹਾਲਤ ਤਕ ਪੁਚਾ ਦਿੱਤਾ ਸੀ। ਅਜਿਹਾ ਨਾ ਹੋਵੇ ਕਿ ਪੰਜਾਬ ਸਰਕਾਰ ਦੇ ਅਵੇਸਲੇਪਣ ਕਰਕੇ ਪੁਰਾਣੇ ਜ਼ਖ਼ਮ ਫਿਰ ਹਰੇ ਹੋ ਜਾਣ। ਮੁਫਤ ਸਹੂਲਤਾਂ ਸਿਰਫ ਸੱਚਮੁੱਚ ਹੀ ਲੋੜਵੰਦ ਵਰਗਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਵੀ ਘੱਟੋ ਘੱਟ ਮਨੁੱਖੀ ਜੀਵਨ ਜਿਉ ਸਕਣ। ਸਮਾਜਿਕ ਖੇਤਰ ਵਿਸ਼ੇਸ਼ ਕਰਕੇ ਖੇਤੀ, ਸਿਹਤ, ਸਿੱਖਿਆ ਅਤੇ ਮਨੁੱਖੀ ਕੁਸ਼ਲਤਾ ਦੇ ਵਿਕਾਸ ਲਈ ਪੂੰਜੀ ਨਿਵੇਸ਼ ਕਰਨਾ ਬਹੁਤ ਜ਼ਰੂਰੀ ਹੈ। ਸਰਕਾਰ ਨੂੰ ਬੇਲੋੜੇ, ਗੈਰ-ਉਪਜਾਊ ਕੰਮਾਂ ਉਪਰ ਪਹਿਲਾਂ ਹੀ ਸੀਮਤ ਵਿੱਤੀ ਸਰੋਤਾਂ ਨੂੰ ਬਰਬਾਦ ਕਰਨ ਦੀ ਬਜਾਏ ਸਮਾਜਿਕ ਪੂੰਜੀ ਨਿਵੇਸ਼ ਨੂੰ ਪਹਿਲ ਦੇਣੀ ਚਾਹੀਦੀ ਹੈ। ਸਿਰਫ ਅਜਿਹਾ ਕਰ ਕੇ ਹੀ ਪੰਜਾਬ ਦੇ ਅਰਥਚਾਰੇ ਦੀ ਮੁੜ ਸੁਰਜੀਤੀ ਸੰਭਵ ਬਣਾਈ ਜਾ ਸਕਦੀ ਹੈ।




## ਸ਼ਿਕਾਗੋ ਵਿੱਚ ਰਣਜੀਤ ਬਾਵਾ ਦਾ ਸ਼ੋਅ 26 ਅਗਸਤ ਨੂੰ

**Ttickets: $100 - $75 - $50**

https://www.ticketmaster.com/event/07005F01BC213AEF

**For More Info., Please contact:**

Amritpal Singh Gill 920-460-1001
Amardev Singh Bandesha 708-612-7963
Darshan Singh Pamma 847-561-7101
Balwinder Singh Chatha 630-523-3412
Lakhwinder Singh 815-690-0941
Gurdev Singh Gill 847-271-7451
Parminder Singh Walia 847-477-1613
Hardeep Singh Bandesha 815-546-0525
Manjinder Singh Cheema 815-261-2148
Amarjit Singh Bandesha 815-474-5424

# ਸਤਵਿੰਦਰ ਬਿੱਟੀ ਨੇ ਲੁੱਟੀਆਂ 'ਪਾਓ' ਦੀਆਂ ਤੀਆਂ

## *ਬੀਬੀਆਂ ਨੇ ਲਾਹਿਆ ਨੱਚ ਨੱਚ ਚਾਅ ਤੇ ਬੋਲੀਆਂ ਦਾ ਬੰਨ੍ਹਿਆ ਪਿੜ*

**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪਾਓ) ਦਾ ਤੀਆਂ ਦਾ ਮੇਲਾ ਨਾਮੀ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਲੁੱਟ ਕੇ ਲੈ ਗਈ। ਉਸ ਨੇ ਆਪਣੀ ਗਾਇਕੀ ਦੇ ਦਮ ਉਤੇ ਮੇਲੇ ਵਿੱਚ ਸ਼ਾਮਲ ਕਰੀਬ ਕਰੀਬ ਸਾਰੀਆਂ ਬੀਬੀਆਂ ਨੂੰ ਨੱਚਣ ਦਾ ਲਿਆ ਤੇ ਉਹ ਬਿੱਟੀ ਨਾਲ ਇੱਕ-ਮਿੱਕ




ਹੋ ਕੇ ਨੱਚ ਤੇ ਗਾਉਣ ਲੱਗੀਆਂ। ਬੇਸ਼ੱਕ ਇਹ ਤੀਆਂ ਦਾ ਮੇਲਾ ਕਿਸੇ ਬਰੋਟੇ/ ਪਿੱਪਲ ਜਾਂ ਦਰਖ਼ਤਾਂ ਥੱਲੇ ਨਹੀਂ ਸੀ ਲੱਗਿਆ, ਪਰ ਮੇਲੇ ਵਿੱਚ ਕੁਆਰੀਆਂ, ਵਿਆਹੀਆਂ ਤੇ ਅਧਰੇੜ ਉਮਰ ਦੀਆਂ ਬੀਬੀਆਂ ਨੇ ਪੂਰੇ ਚਾਅਵਾਂ ਨਾਲ ਤੀਆਂ ਮਨਾਈਆਂ। ਤੀਆਂ ਨੂੰ ਮੁੱਖ ਰੱਖਦਿਆਂ ਉਹ ਰਵਾਇਤੀ ਪੁਸ਼ਾਕਾਂ, ਗਹਿਣੇ-ਗੱਟਿਆਂ ਨਾਲ ਸਜ ਕੇ ਅਤੇ ਪੂਰੇ ਹਾਰ ਸ਼ਿੰਗਾਰ ਲਾ ਕੇ ਪਹੁੰਚੀਆਂ ਹੋਈਆਂ ਸਨ; ਯਾਨਿ ਉਹ ਕਿਸੇ ਤੋਂ ਘੱਟ ਨਹੀਂ ਸਨ ਰਹਿਣਾ ਚਾਹੁੰਦੀਆਂ।

ਮੇਲੇ ਦੌਰਾਨ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਉਪਰੰਤ ਜਦੋਂ ਸਤਵਿੰਦਰ ਬਿੱਟੀ ਸਟੇਜ ਉੱਤੇ ਆਈ ਤਾਂ ਉਸ ਨੂੰ ਉਡੀਕਦੀਆਂ ਸਾਰੀਆਂ ਹੀ ਬੀਬੀਆਂ ਦਾ ਧਿਆਨ ਉਸ ਵੱਲ ਹੋ ਗਿਆ। ਪੰਜਾਬੀ ਸੂਟਾਂ, ਫੁਲਕਾਰੀਆਂ, ਲਹਿੰਗਿਆਂ, ਪੰਜਾਬੀ ਜੁੱਤੀਆਂ, ਗਹਿਣਿਆਂ ਆਦਿ ਦੇ ਸਟਾਲਾਂ ਤੋਂ ਖ਼ਰੀਦੋ-ਫਰੋਖਤ ਕਰਦੀਆਂ ਬੀਬੀਆਂ ਵੀ ਬਿੱਟੀ ਦੇ ਸੱਦੇ ਉੱਤੇ ਸਟੇਜ ਅੱਗੇ ਨੱਚਣ ਤੇ ਬੋਲੀਆਂ ਪਾਉਣ ਲਈ ਉਮੜ ਪਈਆਂ। ਨੱਚਦੀਆਂ ਨੂੰ ਚੜ੍ਹਿਆ ਗੋਡੇ ਗੋਡੇ ਚਾਹ ਅਤੇ ਤਾੜ ਤਾੜ ਵੱਜਦੀਆਂ ਤਾੜੀਆਂ ਦਾ ਨਜ਼ਾਰਾ ਵੇਖਿਆਂ ਹੀ ਬਣਦਾ ਸੀ। ਸੱਭਿਆਚਾਰਕ ਬੋਲੀਆਂ ਤੋਂ ਇਲਾਵਾ ਮਾਹੀਏ ਨਾਲ ਰੁੱਸਣ-ਮਨਾਉਣ ਦੀਆਂ ਬੋਲੀਆਂ, ਸੱਸ-ਨਣਦਾਂ ਨੂੰ ਮਿਹਣੇ ਅਤੇ ਉਨ੍ਹਾਂ ਨਾਲ ਪਿਆਰ ਤੇ ਰੋਸੇ



ਨਾਲ ਲਬਰੇਜ਼ ਬੋਲੀਆਂ ਤੋਂ ਇਲਾਵਾ ਇਸ਼ਕੀਆ ਬੋਲਾਂ, ਸਖੀਆਂ ਸਹੇਲੀਆਂ ਨਾਲ ਹਾਸੇ-ਠੱਠੇ ਨਾਲ ਭਰਪੂਰ ਗੀਤਾਂ ਤੇ ਬੋਲੀਆਂ ਉੱਤੇ ਸਾਰੀਆਂ ਨੇ ਹੁਲਾਸ ਨਾਲ ਅੱਡੀਆਂ ਖ਼ਿਰਕਾਈਆਂ; ਯਾਨਿ ਤਾਲ ਨਾਲ ਤਾਲ ਤੇ ਬੋਲਾਂ ਨਾਲ ਬੋਲਾਂ ਦੀ ਇੱਕਮਿੱਕਤਾ ਬਣੀ ਹੋਈ ਸੀ। ਉਂਝ ਨੱਚਣ ਤੋਂ ਸੰਗ ਮੰਨਦੀਆਂ ਕੁਝ ਬੀਬੀਆਂ ਜਾਂ ਤਾਂ ਕੁਰਸੀਆਂ ਉੱਤੇ ਬੈਠੀਆਂ ਰਹੀਆਂ ਜਾਂ ਕੁਝ ਗਿੱਧੇ ਦੇ ਪਿੜ ਦੁਆਲੇ ਝੁਰਮਟ ਬਣਾ ਕੇ ਪੈਂਦੇ ਧਮੱਚੜ ਦਾ ਨਜ਼ਾਰਾ ਵੇਖਦੀਆਂ ਰਹੀਆਂ।




ਇਹ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦਾ 19ਵਾਂ ਸਾਲਾਨਾ ਰੰਗਾਰੰਗ ਪ੍ਰੋਗਰਾਮ ਸੀ, ਜਿਸ ਵਿੱਚ ਢੋਲਕੀ ਦੀ ਥਾਪ, ਗਿੱਧਾ, ਭੰਗੜਾ, ਡਾਂਸ, ਸੰਗੀਤਕ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ...










# ‘ਪਾਓ’ ਦੀਆਂ ਤੀਆਂ

ਸਕਿੱਟ, ਸੌਕਣਾਂ ਦੀ ਨੋਕ-ਝੋਕ ਆਦਿ ਕਈ ਰੰਗ ਸਨ, ਜਿਨ੍ਹਾਂ ਦਾ ਮੇਲਾ ਵੇਖਣ ਆਈਆਂ ਬੀਬੀਆਂ ਨੇ ਪੂਰਾ ਅਨੰਦ ਮਾਣਿਆ। ਹਾਲਾਂਕਿ ਮੇਲਾ ਥੋੜ੍ਹਾ ਪੱਛੜ ਕੇ ਸ਼ੁਰੂ ਹੋਇਆ, ਪਰ ਬਾਅਦ ਵਿੱਚ ਇੱਕ ਪਿੱਛੋਂ ਇੱਕ ਪੇਸ਼ਕਾਰੀ ਦੌਰਾਨ ਮਾਹੌਲ ਭਖਣ ਲੱਗ ਪਿਆ। “ਜਾਗਦਿਆਂ ਦਾ ਮੇਲਾ ਬਈ, ਜਾਗੋ ਆਈ ਆ” ਦੀ ਪੇਸ਼ਕਾਰੀ ਸਮੇਂ ਮਾਹੌਲ ਵਿਆਹ ਵਰਗਾ ਬਣ ਗਿਆ ਸੀ।

ਮੇਲੇ ਦਾ ਇੱਕ ਹੋਰ ਵਿਸ਼ੇਸ਼ ਆਕਰਸ਼ਣ “ਸ਼ੌਂਕਣ ਮੇਲੇ ਦੀ” ਸੀ, ਜਿਸ ਵਿੱਚ ਕਈ ਬੀਬੀਆਂ ਨੇ ਹਿੱਸਾ ਲਿਆ। ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਫੱਬਦਿਆਂ ਇਨ੍ਹਾਂ ਕੁੜੀਆਂ ਤੇ ਬੀਬੀਆਂ ਨੇ ਸਟੇਜ ਉੱਤੇ ਪੇਸ਼ਕਾਰੀ ਕੀਤੀ ਅਤੇ ਪੰਜਾਬੀ ਪਹਿਰਾਵੇ ਤੇ ਸੱਭਿਆਚਾਰ ਨਾਲ ਜੁੜੇ ਸਵਾਲਾਂ ਦੇ ਜਵਾਬ ਦਿੱਤੇ। ਨਵਨੀਤ ਕੌਰ “ਸ਼ੌਂਕਣ ਮੇਲੇ ਦੀ” ਚੁਣੀ ਗਈ। ਇਸ ਹਿੱਸੇ ਦੇ ਸਪਾਂਸਰ “ਚੁੰਨੀ ਕੋਲੈਕਸ਼ਨ” ਵਾਲੇ ਸਨ। ਇਸ ਦੌਰਾਨ ਜੱਜਾਂ ਦੀ ਭੂਮਿਕਾ ਕਮਲ ਸਹੋਤਾ, ਵਿਪਨ ਕਲੇਰ ਤੇ ਰਾਜ ਧਾਲੀਵਾਲ ਨੇ ਨਿਭਾਈ।

ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਗੁਰਲੀਨ ਕੌਰ ਨੇ ਬਾਖੂਬੀ ਕੀਤਾ। ਉਸ ਨੇ ਸ਼ੇਅਰੋ ਸ਼ਾਇਰੀ ਨਾਲ ਮਾਹੌਲ ਨੂੰ ਸੱਭਿਆਚਾਰਕ ਰੰਗ ਚਾੜ੍ਹੀ ਰੱਖਿਆ। ਉਸ ਨੇ ਵੱਖ-ਵੱਖ ਟੀਮਾਂ ਦਾ ਤੁਆਰਫ਼ ਕਰਵਾਇਆ ਤੇ ਪ੍ਰਬੰਧਕ ਬੀਬੀਆਂ ਨਾਲ ਰਾਬਤਾ ਕਾਇਮ ਕਰ ਕੇ ਪ੍ਰੋਗਰਾਮ ਨੂੰ ਅੱਗੇ ਤੋਰੀ ਰੱਖਿਆ। ਮੌਕਾ ਲੱਗਦਿਆਂ ਉਹ ਬਿੱਟੀ ਨਾਲ ਗਾਉਣ ਵੀ ਲੱਗੀ।

ਇਸ ਤੋਂ ਇਲਾਵਾ ਸਨਦੀਪ ਕੌਰ, ਰਿਚਾ ਤੇ ਜਗਮੀਤ ਸਿੰਘ ਵੱਲੋਂ ਪੇਸ਼ ਸਕਿੱਟ “ਸਖੀਆਂ ਸਹੇਲੀਆਂ” ਵੀ ਮਨੋਰੰਜਨ ਭਰਪੂਰ ਸੀ। ਦੋ ਸਹੇਲੀਆਂ ਕਿਹੜੀ ਵਜ੍ਹਾ ਕਰਕੇ ਸੌਕਣਾਂ ਬਣ ਗਈਆਂ, ਉਸ ਨੂੰ ਬੜੇ ਵਿਅੰਗਮਈ ਢੰਗ ਨਾਲ ਸਟੇਜ ‘ਤੇ ਦਰਸਾਇਆ ਗਿਆ। ਫਿਰ ਉਹ ਸਿਰ-ਮੂੰਹ ਚੁੰਨੀਆਂ ਨਾਲ ਢਕ ਕੇ ਮਿਹਣੋ-ਮਿਹਣੀ ਹੁੰਦੀਆਂ ਰਹੀਆਂ। ਮਰਦ ਪਾਤਰ ਦੀ ਵੀ ਖਿੱਚ-ਧੂਹ ਹੋਈ ਤੇ “ਆਪ ਸਹੇੜੀ ਬਿਪਤਾ” ਤੋਂ ਉਹ ਦੁਖੀ ਦੁਖੀ ਨਜ਼ਰ ਆਇਆ।

ਮੇਲੇ ਦੀ ਸ਼ੁਰੂਆਤ ਤੀਆਂ ਟੀਮ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੀਤੀ। ਫਿਰ ਇੱਕ ਤੋਂ ਬਾਅਦ ਇੱਕ ਪੇਸ਼ਕਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਇਸ ਮੌਕੇ “ਰੂਹ ਪੰਜਾਬ ਦੀ” ਗੀਤ ਉੱਤੇ ਜੈਸਮੀਨ, ਮਨਜੋਤ, ਅਸੀਸ ਤੇ ਅਜੂਨੀ ਨੇ ਪੇਸ਼ਕਾਰੀ ਕੀਤੀ। “ਰੰਗ ਪੰਜਾਬ ਦੇ” ਟੀਮ ਦਾ ਭੰਗੜਾ ਵੀ ਵਧੀਆ ਸੀ। ਸੁੱਖੀ ਢਿੱਲੋਂ ਤੇ ਰਿੰਪਲ ਡੋਗਰਾ ਨੇ “ਮਿੱਤਰਾਂ ਦਾ ਟਰੱਕ” ਭਜਾ ਕੇ ਵਾਹ ਵਾਹ ਖੱਟੀ। ਕੀਰਤ ਤੇ ਮਨਕੀਰਤ ਦਾ ਡਾਂਸ,




ਜੈਸਮੀਨ ਹੁੰਜਣ ਤੇ ਰੀਆ ਹੁੰਜਣ ਦਾ “ਐਮ ਆਈ ਏ ਭੰਗੜਾ” ਅਤੇ ਹਰਮੀਤ ਕਲਸੀ ਦਾ “ਉਡੂੰ ਉਡੂੰ ਕਰੇ ਜੀਅ” ਵੀ ਵਧੀਆ ਹੋ ਨਿਬੜਿਆ। ਗੁਰਲੀਨ, ਸਿਮਰਨਜੋਤ ਤੇ ਮਨਜੋਤ ਬੱਲ ਨੇ “ਗਿੱਧੇ ਵਿੱਚ ਨੱਚ” ਅਤੇ ਸਾਹਾਨਾ ਬਾਵਾ, ਕਸ਼ਿਥੀ ਪ੍ਰਸੰਨਾ ਤੇ ਕਸ਼ਵੀ ਨਾਗਪਾਲ ਨੇ ਡਾਂਸ ਕੀਤਾ।

ਇਸ ਤੋਂ ਇਲਾਵਾ “ਸਵੇਰਾ ਟੀਮ” ਨਾਲ ਜੁੜੀਆਂ ਬੀਬੀਆਂ ਨੇ ਬਾਕਮਾਲ ਗਿੱਧਾ ਪਾਇਆ। ਸਟੇਜ ਉਤੇ ਪੱਖੀਆਂ ਝੱਲਦੀਆਂ ਤੇ ਬੋਲੀਆਂ ਪਾਉਂਦੀਆਂ ਬੀਬੀਆਂ ਪੁਰਾਣੇ ਸਮੇਂ ਵਿਆਹਾਂ ਵਿੱਚ ਗਿੱਧੇ ਦੇ ਪਿੜ ਜਿਹਾ ਦ੍ਰਿਸ਼ ਸਿਰਜ ਰਹੀਆਂ ਸਨ। ਗਿੱਧੇ ਦੇ ਐਕਸ਼ਨ ਤੇ ਬੋਲੀਆਂ ਦੀ ਚੋਣ ਵੀ ਖੂਬ ਸੀ।

ਤੀਆਂ ਦਾ ਮੇਲਾ ਪ੍ਰਬੰਧਕਾਂ ਵਿੱਚ ਪ੍ਰਧਾਨ ਰਾਜਿੰਦਰ ਕੌਰ ਮਾਗੋ, ਸੀਨੀਅਰ ਮੀਤ ਪ੍ਰਧਾਨ ਜਸਮੀਤ ਕੌਰ ਸੂਗਾ, ਮੀਤ ਪ੍ਰਧਾਨ ਸੁਖਵਿੰਦਰ ਕੌਰ, ਕਾਰਜਕਾਰੀ ਸਕੱਤਰ ਪ੍ਰਭਜੋਤ ਖਹਿਰਾ, ਫਾਇਨਾਂਸ ਡਾਇਰੈਕਟਰ ਕਮਲਜੀਤ ਹੁੰਜਣ, ਈਵੈਂਟ ਪਲਾਨਿੰਗ ਡਾਇਰੈਕਟਰ ਮਿੰਨੀ ਮੁਲਤਾਨੀ, ਪਬਲਿਕ ਰਿਲੇਸ਼ਨ ਡਾਇਰੈਕਟਰ ਗੁਰਪ੍ਰੀਤ ਕੌਰ, ਇੰਟਰ-ਕਮਿਊਨਿਟੀ ਡਾਇਰੈਕਟਰ ਪਰਮਜੀਤ ਸੰਘਾ ਤੋਂ ਇਲਾਵਾ ਸੁੱਖੀ ਕੌਰ, ਸ਼ੀਤਲ ਕਾਲੜਾ, ਨੇਹਾ ਵਾਲੀਆ, ਨੈਨਾ ਸਿੰਘ, ਜੋਤੀ ਖਹਿਰਾ, ਪਿੰਕੀ ਵਾਲੀਆ, ਰੋਜ਼ੀ ਰੀਹਲ, ਸ਼ਾਲੂ ਛਾਬੜਾ ਤੇ ਜੌਲੀ ਡੰਡੋਨਾ ਸ਼ਾਮਲ ਸਨ।

ਮੇਲੇ ਦੇ ਪਲਾਟੀਨਮ ਸਪਾਂਸਰ ਜੋਡੀ ਤੇ ਮੈਕ ਭਮਰਾ ਸਨ, ਜਦਕਿ ਗਰੈਂਡ ਸਪਾਂਸਰ ਪ੍ਰੋਫੈਸ਼ਨਲ ਹੈਲਥ ਕੇਅਰ ਲੈਬ ਦੇ ਲਾਡੀ ਕੇ. ਸਿੰਘ ਸਨ। ਗੋਲਡ ਸਪਾਂਸਰਾਂ ਵਿੱਚ ਜਸਮੀਤ ਤੇ ਜਸਬੀਰ ਸੂਗਾ (ਸੂਗਾ ਬਿਲਡਰਜ਼), ਮਿੰਨੀ ਤੇ ਗੁਲਜ਼ਾਰ ਮੁਲਤਾਨੀ (ਪੈਨ ਓਸ਼ੀਐਨਿਕ) ਅਤੇ ਮਲਿੰਦਰ ਕੇ. ਡੰਡੋਨਾ ਸ਼ਾਮਲ ਸਨ। ਅਖੀਰ ਵਿੱਚ ਸਪਾਂਸਰਾਂ ਦਾ ਪਲੇਕ ਦੇ ਕੇ ਸਨਮਾਨ ਵੀ ਕੀਤਾ ਗਿਆ।



# ਘੱਟਗਿਣਤੀਆਂ ਲਈ ਭਵਿੱਖ ਦੀਆਂ ਦੁਸ਼ਵਾਰੀਆਂ...

ਸੰਸਦ ਮੈਂਬਰਾਂ ਵੱਲੋਂ ਜ਼ੋਰਦਾਰ ਆਵਾਜ਼ ਉਠਾਉਣ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਆਰ.ਐੱਸ.ਐੱਸ. ਜੁੰਡਲੀ ਤੇ ਸਵਰਨ ਜਾਤੀਆਂ ਦੇ ਸੰਸਦ ਮੈਂਬਰਾਂ ਦੀ ਖਾਮੋਸ਼ੀ ਆਪਣੀ ਵੋਟਾਂ ਦੀ ਪਿਆਸ ਬੁਝਾ ਰਹੀ ਹੈ। ਜ਼ਿਕਰਯੋਗ ਹੈ ਕਿ 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦਿੱਲੀ ਤੇ ਹੋਰ ਰਾਜਾਂ ਵਿਚਲੀ ਸਿੱਖ ਨਸਲਕੁਸ਼ੀ ਬਾਰੇ ਬਿਆਨ ਦਿੱਤਾ ਸੀ ਕਿ ‘ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੈ।‘ ਇਹ ਵਜ੍ਹਾ ਹੈ ਕਿ 40 ਸਾਲ ਹੋਣ ‘ਤੇ ਵੀ ਇਨਸਾਫ਼ ਮੰਗਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ, ਕਿਉਂਕਿ ਨਿਆਂਪਾਲਿਕਾ ਦੀਆਂ ਅੱਖਾਂ ਉੱਤੇ ਪੱਟੀ ਬੰਨੀ ਹੋਣ ਦੇ ਨਾਲ -ਨਾਲ ਤਰਾਜੂ ਵਿੱਚ ਪਾਸਕੂ ਹੈ। ਉਕਤ ਘਟਨਾ ਵਾਂਗ ਮਨੀਪੁਰ ਦੇ ਮੁੱਖ ਮੰਤਰੀ ਐਨ ਬੀਰੇਨ ਸਿੰਘ ਨੇ ਕੁਕੀ ਸਮਾਜ ਦੀਆਂ ਔਰਤਾਂ ਨੂੰ ਨਿਰਵਸਤਰ ਕਰ ਕੇ ਘਸੀਟਣ ਦੀ ਵੀਡੀਓ ਟੀ.ਵੀ. ਚੈਨਲਾਂ ‘ਤੇ ਆਉਣ ਦੇ ਜਵਾਬ ਵਿੱਚ ਇਹ ਸ਼ਬਦ ਕਹੇ ਕਿ ਇਹ ਘਟਨਾ ਕਾਂਗਪੋਕਪੀ ਜ਼ਿਲ੍ਹੇ ਵਿੱਚ ਵਾਪਰੀ, ਜਦੋਂ ਕੁਕੀ ਘੱਟਗਿਣਤੀ ਫਿਰਕੇ ਦੇ ਲੋਕ ਭੀੜ ਤੋਂ ਬਚਣ ਲਈ ਪੁਲੀਸ ਦੀ ਹਾਜ਼ਰੀ ਵਿੱਚ ਸੁਰੱਖਿਅਤ ਥਾਂ ‘ਤੇ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਉਸ ਸਮੇਂ ਔਰਤਾਂ ਵਿਚੋਂ ਸਭ ਤੋਂ ਛੋਟੀ 21 ਸਾਲਾ ਔਰਤ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ। ਉਸ ਦੇ ਪਿਤਾ ਅਤੇ 19 ਸਾਲਾ ਭਰਾ ਦੀ ਹੱਤਿਆ ਕਰ ਦਿੱਤੀ ਗਈ। ਔਰਤਾਂ ਨਾਲ ਜਿਨਸੀ ਸ਼ੋਸ਼ਣ ਦੀਆਂ ਹੋਰ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਵਾਇਰਲ ਹੋਈ ਵੀਡੀਓ ਵਿੱਚ ਮਰਦ ਔਰਤਾਂ ਨੂੰ ਘੇਰਦੇ ਹੋਏ ਦਿਖਾਈ ਦਿੱਤੇ ਅਤੇ ਉਨ੍ਹਾਂ ਦੇ ਆਲੇ-ਦੁਆਲੇ ਕੁਝ ਰਾਹਗੀਰਾਂ ਦੀ ਭੀੜ ਵੀ ਹੈ। ਜਬਰ ਜਨਾਹ ਦੀਆਂ ਪੀੜਤ ਔਰਤਾਂ ਨੇ ਹਸਪਤਾਲਾਂ ਵਿੱਚ ਇਲਾਜ ਵੀ ਕਰਵਾਇਆ ਹੈ, ਉਨ੍ਹਾਂ ਕੋਲ ਮੈਡੀਕਲ ਰਿਪੋਰਟਾਂ ਵੀ ਹਨ।

ਵਾਇਰਲ ਵੀਡੀਓ ਵਿੱਚ ਪੀੜਤ ਔਰਤਾਂ ਦੱਸ ਰਹੀਆਂ ਸਨ ਕਿ ਉਨ੍ਹਾਂ ਨੂੰ ਭੀੜ ਨੇ ਜ਼ਬਰਦਸਤੀ ਨਹੀਂ ਖੋਹਿਆ, ਸਗੋਂ ਪੁਲੀਸ ਨੇ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ ਹੈ। ਸਪੱਸ਼ਟ ਹੈ ਕਿ ਪੁਲੀਸ, ਸੂਬਾ ਅਤੇ ਕੇਂਦਰ ਸਰਕਾਰ ਤੇ ਪ੍ਰਸ਼ਾਸਨ ਨੂੰ ਪਿਛਲੇ ਦੋ ਮਹੀਨਿਆਂ ਵਿੱਚ ਬਹੁਤ ਸਾਰੀਆਂ ਔਰਤਾਂ ਨਾਲ ਹੋਏ ਜਿਨਸੀ ਸ਼ੋਸ਼ਣ ਤੇ ਜਬਰ ਜਨਾਹ ਬਾਰੇ ਪੂਰੀ ਜਾਣਕਾਰੀ ਸੀ। ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਦੀ ਜਾਂਚ ਕਰਨ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਮਨੀਪੁਰ ਪੁਲੀਸ ਨੇ ਉਨ੍ਹਾਂ ਪੀੜਤ ਔਰਤਾਂ ਦੀ ਟੀਮ ਖਿਲਾਫ਼ ਹੀ ਐੱਫ.ਆਈ.ਆਰ. ਦਰਜ ਕੀਤੀ ਹੈ ਕਿ ਇਹ ਰਾਜ ਤੇ ਰਾਸ਼ਟਰ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੀਆਂ ਸਨ।

ਉਕਤ ਘਟਨਾ ਤੋਂ ਬਾਅਦ ਸਰਕਾਰ ਨੇ ਪੂਰੀ ਬੇਰੁਖੀ ਦਿਖਾਈ। ਮਨੀਪੁਰ ਭਾਂਬੜ ਬਣ ਮੱਚਦਾ ਰਿਹਾ ਤੇ ਨੀਰੂ ਬੰਸਰੀ ਵਜਾਉਂਦਾ ਰਿਹਾ।

ਸੁਪਰੀਮ ਕੋਰਟ ਨੇ ਮਨੀਪੁਰ ਟਰਾਈਬਲ ਫੋਰਮ ਦੀ ਪਟੀਸ਼ਨ, ਜਿਸ ਰਾਹੀਂ ਮਨੀਪੁਰ ਆਦਿਵਾਸੀਆਂ ਦੀ ਰੱਖਿਆ ਦੀ ਮੰਗ ਕੀਤੀ ਹੈ, ਨੂੰ ਤੁਰੰਤ ਸੂਚੀਬੱਧ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਅਮਨ-ਕਾਨੂੰਨ ਦੀ ਸਥਿਤੀ ਹੈ ਅਤੇ ਅਦਾਲਤ ਨੂੰ ਫ਼ੌਜ ਦੇ ਕੰਮ ਵਿੱਚ ਦਖ਼ਲ ਦੇ ਹੁਕਮ ਦੇਣ ਦੀ ਲੋੜ ਨਹੀਂ ਹੈ। ਅਖੀਰ ਵਾਇਰਲ ਹੋਈ ਵੀਡੀਓ ਦੇਖ ਕੇ ਭਾਰਤ ਦੇ ਚੀਫ ਜਸਟਿਸ, ਰਾਸ਼ਟਰੀ ਮਹਿਲਾ ਕਮਿਸ਼ਨ, ਮੁੱਖ ਮੰਤਰੀ ਅਤੇ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਆਦਿ ਨੇ ਦੁਨੀਆਂ ਵਿੱਚ ਸੱਚੇ ਹੋਣ ਲਈ ਕਿਹਾ ਕਿ ਮਨੀਪੁਰ ਘਟਨਾਵਾਂ ਨਾਲ ਮਨੁੱਖਤਾ ਸ਼ਰਮਸਾਰ ਹੋਈ ਹੈ; ਪਰ ਇਸ ਦੇ ਸਿਵਾਏ ਉਨ੍ਹਾਂ ਵੀ ਕੁੱਝ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਵੋਟਾਂ ਦੀ ਖੇਡ ਖੇਡਦਿਆਂ ਕਿਹਾ ਕਿ ਮਨੀਪੁਰ ਵਿੱਚ ਔਰਤਾਂ ਦੀ ਨੰਗੀ ਪਰੇਡ ਨੇ ਭਾਰਤੀਆਂ ਨੂੰ ਦੁਨੀਆਂ ਵਿੱਚ ਸ਼ਰਮਿੰਦਾ ਕੀਤਾ ਹੈ। ਉਨ੍ਹਾਂ ਦੇ ਦਿਲ ਵਿੱਚ ਦਰਦ ਤੇ ਗੁੱਸਾ ਹੈ। ਉਹ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਮਨੀਪੁਰ ਦੀਆਂ ਧੀਆਂ ਨਾਲ ਜੋ ਹੋਇਆ ਹੈ, ਉਸ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ...। ਉਸੇ ਹੀ ਦਿਨ ਦਿੱਲੀ ਦੀ ਹਾਈ ਕੋਰਟ ਨੇ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਜ਼ਮਾਨਤ ਦੇ ਦਿੱਤੀ! ਇਸੇ ਤਰ੍ਹਾਂ ਸਿਰਸਾ ਡੇਰੇ ਦੇ ਮੁਖੀ ਨੂੰ ਡੇਰੇ ਦੀਆਂ ਦੋ ਔਰਤਾਂ ਨਾਲ ਜਬਰ ਜਨਾਹ ਦੇ ਦੋਸ਼ ਵਿੱਚ 20 ਸਾਲ ਦੀ ਕੈਦ ਸੁਣਾਈ ਗਈ ਹੈ, ਪਰ ਉਹ ਪੈਰੋਲ ‘ਤੇ ਵਾਰ ਵਾਰ ਬਾਹਰ ਪ੍ਰਚਾਰ ਕਰ ਰਿਹਾ ਹੈ।

ਇਥੇ ਹੀ ਬੱਸ ਨਹੀਂ, ਬਿਲਕੀਸ ਬਾਨੋ ਨੇ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਅਪੀਲ ਰਾਹੀਂ ਜਬਰ ਜਨਾਹ ਤੇ ਉਸ ਦੇ ਪਰਿਵਾਰ ਦੇ 11 ਜੀਆਂ ਦੇ ਕਾਤਲਾਂ ਨੂੰ ਸਜ਼ਾ ਪੂਰੀ ਕੀਤੇ ਬਿਨਾਂ ਰਿਹਾਅ ਕੀਤੇ ਜਾਣ ਨੂੰ ਚੁਣੌਤੀ ਦਿੱਤੀ ਸੀ, ਅਦਾਲਤ ਨੇ ਇਸ ‘ਤੇ ਸੁਣਵਾਈ ਹੋਰ ਅੱਗੇ ਪਾ ਦਿੱਤੀ ਸੀ। ਸਪਸ਼ਟ ਹੈ, ਦੇਸ਼ ਵਿੱਚ ਬਹੁਗਿਣਤੀ ਸਾਹਵੇਂ ਘੱਟਗਿਣਤੀ ਭਾਈਚਾਰਿਆਂ ਦੀ ਕੋਈ ਔਕਾਤ ਨਹੀਂ। ਭਾਰਤੀ ਇਤਿਹਾਸ ਦਰਸਾਉਂਦਾ ਹੈ ਕਿ ਘੱਟਗਿਣਤੀਆਂ ਲਈ ਭਵਿੱਖ ਦੀਆਂ ਦੁਸ਼ਵਾਰੀਆਂ ਮੂੰਹ ਅੱਡੀਂ ਖੜ੍ਹੀਆਂ ਹਨ। ਮਨੀਪੁਰ ਦੇ ਹਾਲਾਤ ਅਜਿਹੇ ਬਣ ਗਏ ਹਨ ਕਿ ਘਾਟੀ ਦੇ ਲੋਕ (ਮੈਤੇਈ) ਪਹਾੜੀ ਖੇਤਰ ‘ਚ ਨਹੀਂ ਜਾ ਸਕਦੇ ਹਨ, ਜਿੱਥੇ ਕੁਕੀ ਰਹਿੰਦੇ ਹਨ ਅਤੇ ਪਹਾੜੀ ਖੇਤਰ ਦੇ ਲੋਕ ਘਾਟੀ ‘ਚ ਨਹੀਂ ਆ ਸਕਦੇ, ਜਿਸ ਕਰਕੇ ਰਾਸ਼ਨ, ਚਾਰੇ, ਦੁੱਧ, ਬੱਚਿਆਂ ਦੇ ਭੋਜਨ ਦੀਆਂ ਵਸਤਾਂ ਤੇ ਹੋਰ ਲੋੜੀਂਦੇ ਸਾਮਾਨ ਦੀ ਭਾਰੀ ਕਿੱਲਤ ਹੈ।

## ਸੰਸਦ ਮੈਂਬਰਾਂ ਦਾ ਵਫ਼ਦ ਰਾਜਪਾਲ ਨੂੰ ਮਿਲਿਆ

ਟੀਮ ਇੰਡੀਆ ਦੇ 21 ਸੰਸਦ ਮੈਂਬਰਾਂ ਦੇ ਵਫ਼ਦ ਨੇ ਰਾਜਪਾਲ ਅਨੁਸੂਈਆ ਉਈਕੇ ਨੂੰ ਬੇਨਤੀ ਕੀਤੀ ਹੈ ਕਿ ਕੇਂਦਰ ਸਰਕਾਰ ਨੂੰ ਦੱਸਿਆ ਜਾਵੇ, ਮਨੀਪੁਰ ‘ਚ ਕਾਨੂੰਨ ਅਤੇ ਪ੍ਰਬੰਧ ਪੂਰੀ ਤਰ੍ਹਾਂ ਠੱਪ ਹੈ। ਸੂਬੇ ਦੇ ਦੋ ਫਿਰਕਿਆਂ ਦੇ ਲੋਕਾਂ ਦੇ ਜਾਨ ਅਤੇ ਮਾਲ ਦੀ ਸੁਰੱਖਿਆ ਕਰਨ ‘ਚ ਕੇਂਦਰ ਤੇ ਸੂਬਾ ਸਰਕਾਰਾਂ ਦੀ ਨਾਕਾਮੀ ਉਜਾਗਰ ਹੁੰਦੀ ਹੈ ਕਿ ਸਰਕਾਰੀ ਰਿਕਾਰਡ ਮੁਤਾਬਕ 160 ਤੋਂ ਵੱਧ ਮੌਤਾਂ, 500 ਤੋਂ ਵੱਧ ਜ਼ਖ਼ਮੀ, 5 ਹਜ਼ਾਰ ਤੋਂ ਵੱਧ ਮਕਾਨ ਸਾੜੇ ਜਾਣ ਅਤੇ 60 ਹਜ਼ਾਰ ਤੋਂ ਵੱਧ ਲੋਕਾਂ ਦਾ ਉਜਾੜਾ ਹੋਇਆ ਹੈ। ਮੋਇਰਾਂਗ, ਇੰਫਾਲ ਤੇ ਚੂਰਾਚਾਂਦਪੁਰ ‘ਚ ਰਾਹਤ ਕੈਂਪਾਂ ਦੇ ਪੀੜਤਾਂ ਅਨੁਸਾਰ ਰਾਹਤ ਕੈਂਪਾਂ ਦੇ ਹਾਲਾਤ ਮਾੜੇ ਹਨ। ਬੱਚਿਆਂ ਦੀ ਪਹਿਲ ਦੇ ਆਧਾਰ ‘ਤੇ ਵਿਸ਼ੇਸ਼ ਦੇਖਭਾਲ ਕਰਨ ਦੀ ਲੋੜ ਹੈ।

## ਮਨੀਪੁਰ ਵਿੱਚ ਹਿੰਸਾ ਦੇ ਕਾਰਨ

ਮਨੀਪੁਰ ਅਤੇ ਉੱਤਰ-ਪੂਰਬ ਸੂਬੇ ਦੇ ਅੰਦਰਲੇ ਟਕਰਾਅ ਨੂੰ ਸਰਕਾਰਾਂ ਨੇ ਵਰਤਿਆ ਹੈ ਅਤੇ ਇਸ ਦਾ ਹੱਲ ਕਰਨ ਦੀ ਥਾਂ ਫ਼ੌਜੀਕਰਨ ਕੀਤਾ ਗਿਆ ਹੈ। ਮਨੀਪੁਰ ਲੰਮੇ ਸਮੇਂ ਤੋਂ ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ (ਅਫਸਪਾ) ਦੇ ਅਧੀਨ ਹੈ। ਕੇਂਦਰ ਸਰਕਾਰ ਨੇ ਪਿਛਲੇ ਸਾਲ ‘ਸਥਿਤੀ ਵਿੱਚ ਸੁਧਾਰ’ ਦਾ ਦਾਅਵਾ ਕਰਦਿਆਂ ਹਥਿਆਰਬੰਦ ਬਲਾਂ ਦੇ ਵਿਸ਼ੇਸ਼ ਅਧਿਕਾਰ ਐਕਟ ਤਹਿਤ ‘ਅਸ਼ਾਂਤ ਖੇਤਰ’ ਦਾ ਦਰਜਾ ਇੰਫ਼ਾਲ ਦੇ ਛੇ ਜ਼ਿਲ੍ਹਿਆਂ ਦੇ 15 ਥਾਣਿਆਂ ਤੋਂ ਵਾਪਸ ਲੈ ਲਿਆ ਸੀ। ਇਹ ਸਾਰੇ ਥਾਣੇ ਘਾਟੀ ਵਿੱਚ ਸਥਿਤ ਹਨ, ਜਿੱਥੇ ਬਹੁਗਿਣਤੀ ਮੈਤੇਈ ਆਬਾਦੀ ਹੈ। ਮਨੀਪੁਰ ਦਾ ਟਕਰਾਅ ਜ਼ਮੀਨ ਨਾਲ ਜੁੜਿਆ ਹੋਇਆ ਹੈ। ਸਰਕਾਰ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਕਈ ਪਹਾੜੀ ਖੇਤਰਾਂ ਨੂੰ ‘ਰਾਖਵੇਂ ਜੰਗਲ’, ‘ਸੁਰੱਖਿਅਤ ਜੰਗਲ’ ਐਲਾਨਿਆ ਗਿਆ ਹੈ। ਇਸ ਨਾਲ ਕੁਕੀ ਆਦਿਵਾਸੀਆਂ ਨੂੰ ਉਨ੍ਹਾਂ ਦੀ ਵੱਸੋਂ ਵਾਲੀ ਰਵਾਇਤ ਭੋਇੰ-ਟੋਟਿਆਂ ਤੋਂ ਹਟਾਉਣ ਤੇ ਉਨ੍ਹਾਂ ਦੀ ਜ਼ਮੀਨ ’ਤੇ ਹੱਕ ਘਟਾਉਣਾ ਹੈ। ਕੁਕੀ ਲੋਕ ਜ਼ਿਆਦਾਤਰ ਪਹਾੜੀਆਂ ਵਿੱਚ ਰਹਿੰਦੇ ਹਨ। ਇਨ੍ਹਾਂ ਪਹਾੜੀਆਂ ਤੇ ਜੰਗਲਾਂ ਨੂੰ ਕਬਾਇਲੀ ਲੋਕ ਸਮੂਹਿਕ-ਸਮਾਜਿਕ ਜ਼ਮੀਨਾਂ ਮੰਨਦੇ ਹਨ, ਜਿਹੜੀਆਂ ਪਹਾੜੀਆਂ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ।

ਸਰਕਾਰ ਵੱਲੋਂ ‘ਰਾਖਵੇਂ ਜੰਗਲ’ ਖੇਤਰਾਂ ਦੇ ਮਨਮਰਜ਼ੀ ਦੇ ਐਲਾਨਾਂ ਅਤੇ ਮੈਤੇਈ ਭਾਈਚਾਰੇ ਨੂੰ ਆਦਿਵਾਸੀ ਦਰਜਾ ਦੇਣ ਦੀ ਪੇਸ਼ਕਾਰੀ ਨਾਲ ਕੁਕੀ ਆਦਿਵਾਸੀਆਂ ਦੀ ਬੇਚੈਨੀ ਵਿੱਚ ਵਾਧਾ ਹੋਇਆ ਹੈ। ਉਨ੍ਹਾਂ ਮਈ ਦੇ ਸ਼ੁਰੂ ਵਿੱਚ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤੇ ਕਿ ਕਈ ਥਾਂਵਾਂ ’ਤੇ ਇਨ੍ਹਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇੱਥੇ ਬਹੁਗਿਣਤੀਵਾਦ ਦਾ ਏਜੰਡਾ ਵਰਤਿਆ ਜਾ ਰਿਹਾ ਹੈ। ਅਸਾਮ ਵਿੱਚ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਘੁਸਪੈਠ ਤਹਿਤ ਮੁਸਲਿਮ ਘੱਟਗਿਣਤੀ ਫਿਰਕੇ ਵਿਰੁੱਧ ਨਫਰਤੀ ਪ੍ਰਚਾਰ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਹੀ ਕੁਕੀ ਲੋਕਾਂ ਨੂੰ ਬਰਮੀ ਘੁਸਪੈਠੀਏ ਅਤੇ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਕਰਨ ਦੇ ਦੋਸ਼ਾਂ ਤਹਿਤ ਭੰਡਿਆ ਜਾਂਦਾ ਹੈ; ਜਿਵੇਂ ਕਿ ਪੰਜਾਬ ਦੇ ਸਿੱਖਾ ਭਾਈਚਾਰੇ ਨੂੰ ਖਾਲਿਸਤਾਨੀ, ਅਤਿਵਾਦੀ ਤੇ ਵੱਖਵਾਦੀ ਪ੍ਰਚਾਰਿਆ ਜਾਂਦਾ ਹੈ। ਅਜਿਹੇ ਹਾਲਾਤ ਕਾਰਨ ਮਨੀਪੁਰ ਵਿੱਚ ਹਿੰਸਕ ਘਟਨਾਵਾਂ ਵਿੱਚ ਵਾਧਾ ਹੋਇਆ। ਹਿੰਸਕ ਭੀੜ ਵਿੱਚ ਹੁਣ ਮਰਦ ਹੀ ਨਹੀਂ, ਔਰਤਾਂ ਵੀ ਭਾਗ ਲੈ ਲੈਂਦੀਆਂ ਹਨ। ਬਹੁਗਿਣਤੀ ਭੀੜ ਦਾ ਮਨੀਪੁਰੀ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਤੇ ਤਸੀਹੇ ਦੇਣ ਵਿੱਚ ਵੱਡਾ ਯੋਗਦਾਨ ਹੈ। ਕੇਂਦਰ ਤੇ ਰਾਜ ਸਰਕਾਰਾਂ ਨੇ ਹੱਕ ਮੰਗਦੇ ਲੋਕਾਂ ਨਾਲ ਬੈਠ ਕੇ ਉਨ੍ਹਾਂ ਨੂੰ ਨਿਆਂ ਦੇਣ ਦੀ ਕੋਸ਼ਿਸ਼ ਨਾ ਕੀਤੀ ਤਾਂ ਨਫ਼ਰਤੀ ਭੀੜ ਦੀ ਅੱਗ ਘੱਟਗਿਣਤੀ ਫਿਰਕਿਆਂ, ਆਦਿਵਾਸੀਆਂ ਜਾਂ ਦਲਿਤ ਔਰਤਾਂ ਤੱਕ ਹੀ ਸੀਮਤ ਨਹੀਂ ਰਹੇਗੀ।

## ਮਨੀਪੁਰ ਮਸਲੇ ਦੇ ਹੱਲ ਲਈ ਤਿੰਨ ਯੂਟੀਜ਼ ਬਣਨ: ਕੁਕੀ ਆਗੂ

ਕੁਕੀ ਆਗੂ ਅਤੇ ਭਾਜਪਾ ਵਿਧਾਇਕ ਪਾਓਲਿਏਨਲਾਲ ਹਾਓਕਿਪ ਨੇ ਕਿਹਾ ਹੈ ਕਿ ਮਨੀਪੁਰ ਦੇ ਜਾਤੀਗਤ ਸੰਘਰਸ਼ ਦੇ ਹੱਲ ਲਈ ਤਿੰਨ ਵੱਖਰੇ ਕੇਂਦਰ ਸ਼ਾਸਿਤ ਪ੍ਰਦੇਸ਼ (ਯੂਟੀਜ਼) ਬਣਾਏ ਜਾਣੇ ਚਾਹੀਦੇ ਹਨ। ਕੁਕੀ ਭਾਈਚਾਰਾ ਪਹਿਲਾਂ ਹੀ ਕੁਕੀ ਇਲਾਕਿਆਂ ਲਈ ਵੱਖਰਾ ਪ੍ਰਸ਼ਾਸਨ ਬਣਾਉਣ ਦੀ ਮੰਗ ਕਰ ਰਿਹਾ ਹੈ। ਮਨੀਪੁਰ ਦੇ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਅਤੇ ਮੈਤੇਈ ਭਾਈਚਾਰੇ ਨਾਲ ਸਬੰਧਤ ਧੜਿਆਂ ਨੇ ਸੂਬੇ ਨੂੰ ਤੋੜਨ ਦੇ ਕਿਸੇ ਵੀ ਕਦਮ ਦਾ ਵਿਰੋਧ ਕੀਤਾ ਹੈ। ਮਾਹਿਰਾਂ ਮੁਤਾਬਕ ਕੇਂਦਰ ਸਰਕਾਰ ਵੀ ਅਜਿਹੇ ਕਿਸੇ ਫਾਰਮੂਲੇ ਖ਼ਿਲਾਫ਼ ਹੈ। ਆਲੋਚਕਾਂ ਮੁਤਾਬਕ ਨਾਗਾ, ਕੁਕੀ ਅਤੇ ਮੈਤੇਈ ਭਾਈਚਾਰਿਆਂ ਲਈ ਵੱਖਰਾ ਇਲਾਕਾ ਤੈਅ ਕਰਨਾ ਮੁਸ਼ਕਿਲ ਹੋਵੇਗਾ, ਕਿਉਂਕਿ ਕਈ ਪਿੰਡਾਂ ਅਤੇ ਜ਼ਿਲ੍ਹਿਆਂ ‘ਚ ਰਲੀ-ਮਿਲੀ ਆਬਾਦੀ ਹੈ। ਕੇਂਦਰ ਸਰਕਾਰ ਵੱਲੋਂ ਕੁਕੀ-ਜ਼ੋ ਗੁੱਟਾਂ ਨਾਲ ਗੱਲਬਾਤ ਹਾਂ-ਪੱਖੀ ਕਦਮ ਹੈ, ਪਰ ਸੂਬਾ ਸਰਕਾਰ ਆਪਣੇ ਰਵੱਈਏ ਕਾਰਨ ਖੇਡ ਖ਼ਰਾਬ ਕਰ ਰਹੀ ਹੈ।

ਹਾਲਾਂਕਿ ਕੁਕੀ ਭਾਈਚਾਰੇ ਨੂੰ ਬਹੁਤਾ ਕੁਝ ਨਹੀਂ ਮਿਲਿਆ ਹੈ ਅਤੇ ਬਹੁਗਿਣਤੀ ਦਾ ਹੀ ਸੂਬੇ ਦੇ ਵਸੀਲਿਆਂ ਦੀ ਵੰਡ ਆਦਿ ‘ਤੇ ਕੰਟਰੋਲ ਹੈ। ਉਹ ਇਸ ਗੱਲੋਂ ਵੀ ਨਾਖੁਸ਼ ਹਨ ਕਿ ਆਦਿਵਾਸੀਆਂ ਦੀ ਜ਼ਮੀਨ ਨੂੰ ਰਾਖਵੇਂ ਜੰਗਲ ਐਲਾਨ ਦਿੱਤਾ ਗਿਆ ਹੈ, ਜਦਕਿ ਉਨ੍ਹਾਂ ਦੇ ਦਾਅਵਿਆਂ ਨੂੰ ਦਰਕਿਨਾਰ ਕਰ ਦਿੱਤਾ ਗਿਆ ਹੈ। ਇਸ ਸਾਲ ਦੇ ਸ਼ੁਰੂ ‘ਚ ਮਨੀਪੁਰ ਸਰਕਾਰ ਨੇ ਜੰਗਲਾਤ ਐਕਟ ਦੀ ਉਲੰਘਣਾ ਦਾ ਹਵਾਲਾ ਦਿੰਦਿਆਂ ਕੁਕੀ ਪਿੰਡਾਂ ‘ਤੇ ਬੁਲਡੋਜ਼ਰ ਚਲਾ ਦਿੱਤਾ ਸੀ। ਭਾਈਚਾਰਾ ਇਸ ਗੱਲੋਂ ਵੀ ਨਿਰਾਸ਼ ਹੈ ਕਿ ਹੱਦਬੰਦੀ ਕਮਿਸ਼ਨ ਦੀ ਰਿਪੋਰਟ ‘ਤੇ ਰੋਕ ਲਗਾ ਦਿੱਤੀ ਗਈ ਹੈ, ਜਿਸ ‘ਚ ਸਿਫ਼ਾਰਿਸ਼ ਕੀਤੀ ਗਈ ਹੈ ਕਿ ਆਦਿਵਾਸੀਆਂ ਨੂੰ ਉਨ੍ਹਾਂ ਦੀ ਵਧ ਰਹੀ ਆਬਾਦੀ ਦੇ ਹਿਸਾਬ ਨਾਲ ਹੋਰ ਸੀਟਾਂ ਦਿੱਤੀਆਂ ਜਾਣ।

-ਅਹਿਮ ਖੁਲਾਸਾ-

# ਤਿੰਨ ਸਾਲਾਂ ‘ਚ 13 ਲੱਖ ਔਰਤਾਂ ਲਾਪਤਾ

ਸਮੇਂ ਦੌਰਾਨ ਮਹਾਰਾਸ਼ਟਰ ਤੋਂ ਇੱਕ ਲੱਖ 78 ਹਜ਼ਾਰ 400 ਔਰਤਾਂ ਅਤੇ 13 ਹਜ਼ਾਰ 33 ਕੁੜੀਆਂ ਲਾਪਤਾ ਹੋਈਆਂ ਹਨ। ਉੜੀਸਾ ਵਿੱਚ ਉਕਤ ਤਿੰਨ ਸਾਲਾਂ ਦੌਰਾਨ 70 ਹਜ਼ਾਰ 222 ਔਰਤਾਂ ਅਤੇ 16 ਹਜ਼ਾਰ 649 ਕੁੜੀਆਂ ਗਾਇਬ ਹੋਈਆਂ ਹਨ।

ਅੰਕੜਿਆਂ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕੇਂਦਰ ਸ਼ਾਸਤ ਪਰਦੇਸਾਂ ਵਿਚੋਂ ਦਿੱਲੀ ਸਿਖਰ ‘ਤੇ ਹੈ, ਜਿਥੋਂ ਸਭ ਤੋਂ ਵੱਧ ਔਰਤਾਂ ਲਾਪਤਾ ਹੋਈਆਂ ਹਨ। ਰਾਜਧਾਨੀ ਵਿੱਚੋਂ 61 ਹਜ਼ਾਰ 54 ਔਰਤਾਂ ਅਤੇ 22 ਹਜ਼ਾਰ 919 ਕੁੜੀਆਂ ਗਾਇਬ ਹੋਈਆਂ ਹਨ। ਜੰਮੂ-ਕਸ਼ਮੀਰ ਵਿੱਚੋਂ ਇਸੇ ਸਮੇਂ ਦੌਰਾਨ 8 ਹਜ਼ਾਰ 617 ਔਰਤਾਂ ਅਤੇ 1,148 ਕੁੜੀਆਂ ਲਾਪਤਾ ਹੋਇਆਂ ਹਨ।

ਸਰਕਾਰ ਵੱਲੋਂ ਪਾਰਲੀਮੈਂਟ ਨੂੰ ਇਹ ਇਤਲਾਹ ਦਿੱਤੀ ਗਈ ਹੈ ਕਿ ਪੂਰੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਲਈ ਕਦਮ ਉਠਾਏ ਗਏ ਹਨ, ਜਿਨ੍ਹਾਂ ਵਿੱਚ ਜਿਨਸੀ ਅਪਰਾਧਾਂ ਨੂੰ ਰੋਕਣ ਲਈ ਅਪਰਾਧਿਕ ਕਾਨੂੰਨ ਸੋਧ 2013 ਨੂੰ ਲਾਗੂ ਕਰਨਾ ਸ਼ਾਮਿਲ ਹੈ। ਇਹ ਵੀ ਦੱਸਿਆ ਗਿਆ ਕਿ ਉਸ ਤੋਂ ਬਾਅਦ ਅਪਰਾਧਿਕ ਕਾਨੂੰਨ ਸੋਧ ਐਕਟ 2018 ਲਾਗੂ ਕੀਤਾ ਗਿਆ, ਜਿਸ ਵਿੱਚ 12 ਸਾਲ ਤੋਂ ਘੱਟ ਉਮਰ ਦੀਆਂ ਬੱਚਿਆਂ ਨਾਲ ਜਬਰ ਜਨਾਹ ਦੇ ਦੋਸ਼ੀ ਨੂੰ ਮੌਤ ਦੀ ਸਜ਼ਾ ਸਣੇ ਹੋਰ ਸਖ਼ਤ ਬੰਦੋਬਸਤ ਕੀਤੇ ਗਏ ਹਨ।

ਇਹ ਸੱਚ ਹੈ ਕਿ ਔਰਤ ਨੇ ਪੁਰਸ਼ ਦਾ ਮੁਕਾਬਲਾ ਕਰਨ ਲਈ ਬਾਹਾਂ ਚੁੱਕਣੀਆਂ ਹੀ ਸ਼ੁਰੂ ਨਹੀਂ ਕੀਤੀਆਂ ਹਨ, ਸਗੋਂ ਹੱਥ ਵਿੱਚ ਹਥਿਆਰ ਵੀ ਫੜ ਲਿਆ ਹੈ। ਪੰਜਾਬ ਦੀ ਗੱਲ ਕਰੀਏ ਤਾਂ ਹਰ ਸਾਲ ਔਰਤਾਂ ਹੱਥੋਂ ਔਸਤਨ ਪੰਜ ਦਰਜਨ ਪਤੀ ਕਤਲ ਹੋਣ ਲੱਗੇ ਹਨ। ਇਨ੍ਹਾਂ ਦੀ ਵਜ੍ਹਾ ਚਾਹੇ ਘਰੇਲੂ ਹਿੰਸਾ, ਤਸ਼ੱਦਦ, ਜ਼ਮੀਨ ਦਾ ਲੈਣ-ਦੇਣ ਤੇ ਪਰਾਈ ਔਰਤ ਨਾਲ ਨਾਜਾਇਜ਼ ਸਬੰਧ ਹੋਵੇ।

ਭਾਰਤ ਵਿੱਚ ਅੱਠ ਮਾਰਚ ਨੂੰ ਹਰ ਸਾਲ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਅਸਲ ਵਿੱਚ ਉਸ ਦਿਨ ਲੱਛੇਦਾਰ ਭਾਸ਼ਣ ਦੇਣ ਤੋਂ ਅੱਗੇ ਨਾ ਤਾਂ ਸਮਾਜ ਨੇ ਪਹਿਲਕਦਮੀ ਕੀਤੀ ਹੈ ਅਤੇ ਨਾ ਹੀ ਸਰਕਾਰਾਂ ਨੇ ਔਰਤਾਂ ਦਾ ਮਾਨ ਸਨਮਾਨ ਵਧਾਉਣ ਲਈ ਕੋਈ ਠੋਸ ਨੀਤੀ ਬਣਾਈ ਹੈ। ਸਿਆਸੀ ਪਾਰਟੀਆਂ ਔਰਤਾਂ ਲਈ ਰਾਜਨੀਤੀ ਵਿੱਚ 33 ਫੀਸਦੀ ਹਿੱਸਾ ਦੇਣ ਦਾ ਵਾਅਦਾ ਕਰਕੇ ਹਾਲੇ ਤੱਕ ਮੁੱਕਰਦੀਆਂ ਆ ਰਹੀਆਂ ਹਨ।

ਇੱਕ ਸੱਚ ਇਹ ਵੀ ਹੈ ਕਿ ਔਰਤ ਨੇ ਕਾਫੀ ਹੱਦ ਤੱਕ ਜਿੱਥੇ ਉੱਚ ਪਦਵੀਆਂ ‘ਤੇ ਕਬਜਾ ਕਰਨਾ ਸ਼ੁਰੂ ਕਰ ਦਿੱਤਾ ਹੈ, ਉਥੇ ਉਹ ਆਪਣੀ ਆਜ਼ਾਦੀ ਵੀ ਖੋਹਣ ਲੱਗੀ ਹੈ। ਬਦਲਦੇ ਜ਼ਮਾਨੇ ਨੇ ਬੜਾ ਕੁਝ ਬਦਲਾਅ ਦਿਖਾ ਦਿੱਤਾ ਹੈ। ਔਰਤ ਹੁਣ ਪਹਿਲਾਂ ਦੀ ਤਰ੍ਹਾਂ ਸ਼ੋਅ ਪੀਸ ਬਣ ਕੇ ਵਿਚਰਨਾ ਨਹੀਂ ਚਾਹੁੰਦੀ ਹੈ। ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਚੁੱਕੀ ਹੈ। ਉਸ ਨੇ ਘਰ ਅਤੇ ਬਾਹਰ ਪੁਰਸ਼ ਦੇ ਬਰਾਬਰ ਲੜਨਾ ਅਤੇ ਖੜਨਾ ਸ਼ੁਰੂ ਕਰ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹੀਆਂ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ।

ਮਨੀਪੁਰ ਵਿਚ ਵਾਪਰੀਆਂ ਤਾਜ਼ਾ ਘਟਨਾਵਾਂ ਨੇ ਮਨੁੱਖੀ ਹਿਰਦਾ ਵਲੂੰਧਰ ਕੇ ਰੱਖ ਦਿੱਤਾ ਹੈ। ਸਮਾਜ ਸ਼ਰਮਸਾਰ ਹੈ। ਪੂਰੇ ਮੁਲਕ ਦਾ ਸਿਰ ਸ਼ਰਮਿੰਦਗੀ ਨਾਲ ਝੁਕਿਆ ਹੈ। ਮਨੁੱਖਤਾ ਦੇ ਮੱਥੇ ‘ਤੇ ਇੱਕ ਹੋਰ ਕਲੰਕ ਲੱਗਾ ਹੈ। ਮਨੁੱਖ, ਸਮਾਜ ਅਤੇ ਸਰਕਾਰ ਨੂੰ ਰਲ ਕੇ ਅਜਿਹਾ ਹੰਭਲਾ ਮਾਰਨ ਦੀ ਲੋੜ ਹੈ ਕਿ ਔਰਤ ਨੂੰ ਉਸ ਦਾ ਬਣਦਾ ਸਨਮਾਨ ਮਿਲ ਸਕੇ, ਨਹੀਂ ਤਾਂ ਉਹ ਦਿਨ ਦੂਰ ਨਹੀਂ, ਜਿਸ ਦਿਨ ਸਮਾਜ ਪੂਰੀ ਤਰ੍ਹਾਂ ਗਰਕ ਜਾਵੇਗਾ। ਧੀਆਂ ਨੂੰ ਕੁੱਖਾਂ ਵਿੱਚ ਮਾਰਨ ਦਾ ਸਮਾਜ ਦੇ ਮੱਥੇ ‘ਤੇ ਲੱਗਾ ਕਾਲਾ ਦਾਗ, ਹਾਲੇ ਫਿਕਾ ਨਹੀਂ ਪਿਆ ਹੈ।




Prepare for Tomorrow Now
With Comprehensive
Retirement Planning

- Annuities
- Life Insurance
- Long-Term Care
- Medicare Planning
- Disability Income

Futurity First Insurance Group



Call Gurpreet Singh
*Retirement and Insurance Advisor*
Office: 630-537-0990
Cell: 630-677-6144
Email: Preetisingh@ffig.com

FUTURITY FIRST
Retirement | Life | Health



COLDWELL BANKER REALTY
INTERNATIONAL DIAMOND SOCIETY

ਕੀ ਤੁਸੀਂ ਸ਼ਿਕਾਗੋਲੈਂਡ ਵਿੱਚ ਘਰ ਖਰੀਦਣ ਜਾਂ ਵੇਚਣ ਦਾ ਵਿਚਾਰ ਬਣਾ ਰਹੇ ਹੋਂ ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
- ਖਰੀਦਣ ਵਿੱਚ
- ਵੇਚਣ ਵਿੱਚ
- ਨਿਵੇਸ਼ ਵਿੱਚ
- ਪ੍ਰਬੰਧਨ ਵਿੱਚ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
+1 847-322-5832
www.pradeepsinghrealtor.com
ishowhomes@yahoo.com
20 S Roselle Rd
Schaumburg IL 60193



ਪ੍ਰਦੀਪ ਸਿੰਘ
ਰੀਅਲਟਰ (14 ਸਾਲ ਦਾ ਅਨੁਭਵ)




Sizzle Foto Booth
Bronze PACKAGE
Silver PACKAGE
Platinum PACKAGE

360 Degree video booth with Advanced slow motion.

Starting at $465 per hour
Slow Motion Videos
Choice of Soundtrack
Custom Video Overlay
Social Sharing Station
Text & Email Video Messaging.

Starting at $535 per Hour
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns

Life is better slowed down.



Starting at $575 per Hour
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns
VIP Red Carpet

All packages come with a professional photo booth attendant and standard props package.

Sizzle 360°
Call: Tirf Alexius, Ph. 773-828-8121
Talexius@sizzlefotobooth.com sizzlefotobooth.com

# ਪਿੰਜਰੇ, ਸਲਾਖਾਂ ਤੇ ਕਲਮਾਂ

**"ਸਮੇਂ ਦੇ ਗੇੜ ਨਾਲ ਸੱਤਾਧਾਰੀਆਂ ਨੇ ਕਈ ਚੋਲੇ ਬਦਲੇ, ਪਰ ਹਾਕਮਾਂ ਦਾ ਖ਼ਾਸਾ ਨਹੀਂ ਬਦਲਿਆ।" ਇਹ ਸ਼ਬਦ ਬੜੇ ਗਹਿਰ-ਗੰਭੀਰ ਹਨ। ਭਾਰਤੀ ਆਵਾਮ ਦੂਹਰੀ ਮਾਰ ਹੇਠ ਹੈ। ਵੱਡੇ ਪੂੰਜੀਪਤੀਆਂ (ਸਥਾਨਕ ਤੇ ਵਿਦੇਸ਼ੀ) ਦੀ ਅੱਖ ਜਲ, ਜੰਗਲ ਤੇ ਜ਼ਮੀਨ ਉੱਪਰ ਹੈ। ਨਾਲ ਦੀ ਨਾਲ ਧਾਰਮਿਕ, ਨਸਲੀ ਤੇ ਭਾਸ਼ਾਈ (ਐੱਥਨਿਕ) ਘੱਟ-ਗਿਣਤੀ ਸਮੂਹਾਂ ਨੂੰ ਉਨ੍ਹਾਂ ਦੀ ਦੁਜੈਲੀ ਤੇ ਅਧੀਨਗੀ ਵਾਲੀ ਹੋਂਦ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਮਨੀਪੁਰ ਦੀਆਂ ਘਟਨਾਵਾਂ ਇਸ ਦੀ ਤਾਜ਼ਾ ਮਿਸਾਲ ਹੈ। ਨਫ਼ਰਤ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਪ੍ਰਦਾਈ ਤਾਕਤਾਂ ਦੇਸ਼ ਦੇ ਫ਼ੈੱਡਰਲ ਸਰੂਪ, ਸੈਕੂਲਰ ਸੰਵਿਧਾਨ, ਲੋਕਤੰਤਰਿਕ ਸੰਸਥਾਵਾਂ, ਬਹੁ-ਰੰਗੇ ਸੱਭਿਆਚਾਰ, ਤਰਕਸ਼ੀਲ ਪਰੰਪਰਾਵਾਂ ਅਤੇ ਸਹਿਹੋਂਦ-ਮੂਲਕ ਸਾਂਝੀ ਸੰਸਕ੍ਰਿਤੀ ਨੂੰ ਗਿਣ-ਮਿਥ ਕੇ ਢਾਹ ਲਾ ਰਹੀਆਂ ਹਨ। ਇਹ ਵਿਚਾਰ ਪੇਸ਼ ਕਰਦਿਆਂ ਡਾ. ਸੁਖਦੇਵ ਸਿੰਘ ਸਿਰਸਾ ਨੇ ਲਿਖਿਆ ਹੈ ਕਿ 'ਹਿੰਦੂਤਵੀ ਰਾਸ਼ਟਰਵਾਦ' ਦਾ ਰਾਜਸੀ ਏਜੰਡਾ ਦੇਸ਼ ਦੇ ਫ਼ੈੱਡਰਲ ਢਾਂਚੇ ਅਤੇ ਸੰਵਿਧਾਨ ਦੇ ਸੈਕੂਲਰ ਸਰੂਪ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਸੱਤਾਧਾਰੀ ਧਿਰ ਪਹਿਲਾਂ ਨਾਲੋਂ ਵੱਧ ਸਿਆਣੀ, ਚਲਾਕ, ਖਚਰੀ ਅਤੇ ਬੇਈਮਾਨ ਹੋ ਗਈ ਹੈ।...**



**ਸੁਖਦੇਵ ਸਿੰਘ ਸਿਰਸਾ**

ਮਨ ਚਾਹੇ ਮਹਿਬੂਬ ਕੋ, ਤਨ ਚਾਹੇ ਸੁਖ ਚੈਨ
ਦੋਇ ਰਾਜੇ ਕੀ ਸੀਧ ਮੇਂ, ਕੈਸੇ ਬਣੇ ਹੁਸੈਨ।

ਇਹ ਬੋਲ ਸੋਲ੍ਹਵੀਂ ਸਦੀ ਦੇ ਪੰਜਾਬੀ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਹਨ, ਜੋ ਲਾਹੌਰ ਦੇ ਹਾਕਮਾਂ ਤੇ ਅੰਧ-ਧਰਮੀ ਮੁਲਾਣਿਆਂ ਦੀਆਂ ਅੱਖਾਂ 'ਚ ਰੜਕਦਾ ਸੀ। ਅੱਲ੍ਹਾ 'ਤੇ ਅਕੀਦਾ ਰੱਖਣ ਵਾਲਾ ਮੁਸਲਮਾਨ, ਪਰ ਪਾਖੰਡੀ ਮੁਲਾਣਿਆਂ ਦੀ ਸ਼ਰ੍ਹਾ ਤੋਂ ਬਾਗ਼ੀ। ਰਾਜ-ਧਰਮ ਤੇ ਆਪਣੇ ਇਨਸਾਨੀ ਫ਼ਰਜ਼ਾਂ ਤੋਂ ਬੇਮੁੱਖ ਹੋਏ ਵਿਲਾਸੀ ਹਾਕਮਾਂ ਨੂੰ ਉਹ ਆਪਣੇ ਸੂਫ਼ੀ ਕਲਾਮ ਵਿੱਚ ਕਰੜੇ-ਹੱਥੀਂ ਲੈਂਦਾ ਸੀ। ਇਸੇ ਲਈ ਸ਼ਾਹੀ ਦਰਬਾਰ ਦਾ ਸੂਹੀਆ 'ਮੁਨਸ਼ੀ ਬਹਾਰ ਖ਼ਾਂ' ਉਹਦੀ ਕੀਤੀ-ਕੱਤਰੀ ਦਾ ਲੇਖਾ ਹੁਕਮਰਾਨਾਂ ਦੇ ਪਿਆਦਿਆਂ ਤੱਕ ਅਪੜਾਉਂਦਾ। ਲਾਹੌਰ ਦੇ ਕੋਤਵਾਲ ਤੇ ਸ਼ਾਹੀ-ਜੋੜ ਵਾਲੇ ਮੁਲਾਣਿਆਂ ਨੇ ਸਮਝਾਇਆ ਵੀ, ਦਬਕਾਇਆ ਵੀ ਤੇ ਕਈ ਵਾਰ ਜੇਲ੍ਹੀਂ ਡੱਕਿਆ, ਪਰ ਉਹ ਬਾਜ਼ ਨਾ ਆਇਆ; ਮੁਲਾਮਤੀ ਹੋ ਕੇ ਮਦਰਾ-ਪਾਨ ਕਰਨ ਤੇ ਸਰੇ-ਬਾਜ਼ਾਰ ਨੱਚਣ ਗਾਉਣ ਲੱਗਿਆ। ਪੰਜਾਬ ਦੇ ਲੋਕ-ਨਾਇਕ ਤੇ ਅਕਬਰ ਤੋਂ ਬਾਗ਼ੀ ਦੁੱਲੇ ਭੱਟੀ ਨਾਲ ਸ਼ਾਹ ਹੁਸੈਨ ਤੇ ਉਸ ਦੀ ਟੋਲੀ ਦੇ ਮਲੰਗਾਂ ਦੀ ਗੂੜ੍ਹੀ ਨੇੜਤਾ ਸੀ। ਸੂਫ਼ੀ ਸ਼ਾਹ ਹੁਸੈਨ ਨਾਬਰ ਜ਼ਿਹਨ ਵਾਲਾ ਕਵੀ ਸੀ; ਉਹ ਸਾਮੰਤਸ਼ਾਹੀ ਤੇ ਉਸ ਦੇ ਲੋਕ-ਵਿਰੋਧੀ ਨਿਜ਼ਾਮ ਦੇ ਰਖਵਾਲਿਆਂ ਨੂੰ ਖਰੀਆਂ-ਖਰੀਆਂ ਸੁਣਾਉਂਦਾ ਸੀ- ਉਹ ਆਪਣੇ ਕਲਾਮ ਦੇ 'ਸਾਚੀ ਸਾਖੀ ਕਹੇ ਹੁਸੈਨਾ' ਹੋਣ ਦਾ ਦਾਅਵਾ ਕਰਦਾ ਸੀ। ਬੇਖ਼ੌਫ਼ ਤੇ ਦਬੰਗ ਸ਼ਾਹ ਹੁਸੈਨ ਉਨ੍ਹਾਂ ਲੋਕਾਂ ਤੋਂ ਵੱਖਰਾ ਸੀ, ਜਿਨ੍ਹਾਂ ਦਾ ਤਨ ਤੇ ਮਨ ਰਾਜ-ਸ਼ਾਹੀ ਦੀ ਵਿਚਾਰਧਾਰਾ ਦੀ ਰਾਮਕਾਰ ਦਾ ਕੈਦੀ ਸੀ।

ਸ਼ਾਹ ਹੁਸੈਨ ਨੂੰ ਗੁਜ਼ਰੇ ਚਾਰ ਸਦੀਆਂ ਬੀਤ ਗਈਆਂ। ਉਸ ਦੇ ਕਬੀਲੇ ਦੇ ਅਨੇਕਾਂ ਬਾਗ਼ੀ ਵੇਲੇ ਵੇਲੇ ਆਪਣੀ ਪਾਰੀ ਖੇਡ ਗਏ, ਮੌਤ ਨੂੰ ਮਸ਼ਕਰੀਆਂ ਕਰ ਗਏ। ਸਮੇਂ ਦੇ ਗੇੜ ਨਾਲ ਸੱਤਾਧਾਰੀਆਂ ਨੇ ਕਈ ਚੋਲੇ ਬਦਲੇ, ਪਰ ਹਾਕਮਾਂ ਦਾ ਖ਼ਾਸਾ ਨਹੀਂ ਬਦਲਿਆ। ਸੱਤਾਧਾਰੀ ਧਿਰ ਪਹਿਲਾਂ ਨਾਲੋਂ ਵੱਧ ਸਿਆਣੀ, ਚਲਾਕ, ਖਚਰੀ ਅਤੇ ਬੇਈਮਾਨ ਹੋ ਗਈ ਹੈ; ਉਸ ਦੀ ਲੁੱਟ, ਦਾਬਾ (Hegemony) ਅਤੇ ਹਿੰਸਾ ਵੱਧ ਸੂਖਮ ਹੋ ਗਈ ਹੈ। ਮੁਖੌਟਿਆਂ ਦੀ ਲਿਸ਼ਕ ਵੱਧ ਲੁਭਾਉਣੀ ਹੈ। ਛਲੀਆ ਬਾਜ਼ਾਰ ਮਹਿਬੂਬ ਦੇ ਦਿਲਕਸ਼ ਹੁਸਨ ਵਾਂਗ ਮਨਾਂ ਨੂੰ ਭਰਮਾਉਂਦਾ ਹੈ। ਬਾਜ਼ਾਰ ਦੀ ਚਕਾਚੌਂਧ ਤੇ ਖਪਤ ਦੀ ਅੰਨ੍ਹੀ ਲਾਲਸਾ ਨੇ ਤਨ ਦਾ ਸੁਖ ਚੈਨ ਖੋਹ ਲਿਆ ਹੈ। ਰਾਜ (State), ਵਸਤਾਂ ਤੇ ਬਾਜ਼ਾਰ ਨੂੰ ਹੀ ਨਹੀਂ, ਮਨੁੱਖੀ ਚਾਹਤਾਂ ਨੂੰ ਵੀ ਨਿਰਦੇਸ਼ਤ ਜਾਂ ਕੰਟਰੋਲ ਕਰਦਾ ਹੈ। ਰਾਜ ਦੀ ਖ਼ਸਲਤ ਵੀ ਬਦਲ ਗਈ ਹੈ; ਰਾਜਾ, ਬੰਦਾ ਨਹੀਂ ਪੂੰਜੀ (ਵਿੱਤੀ ਪੂੰਜੀ) ਬਣ ਗਈ ਹੈ। ਹੁਣ ਸਾਡੀ ਕਿਸਮਤ ਦਾ ਫ਼ੈਸਲਾ ਰਾਜ (ਰਾਜਾ) ਤੇ ਉਸ ਦਾ ਦਰਬਾਰ (ਸੰਵਿਧਾਨਕ ਵਿਧੀ-ਵਿਧਾਨ) ਨਹੀਂ ਕਰਦਾ, ਪੂੰਜੀਪਤੀ ਤੇ ਉਸ ਦੀ ਵਿੱਤੀ ਪੂੰਜੀ ਕਰਦੀ ਹੈ। ਸਧਾਰਨ ਬੰਦੇ ਜਾਂ ਅਬੋਧ ਲੋਕਾਈ ਦਾ ਤਨ-ਮਨ ਉਸ ਦਾ ਨਹੀਂ, ਪੂੰਜੀ-ਬਾਜ਼ਾਰ ਦੀ ਮਾਲਕੀ ਹੋ ਗਿਆ ਹੈ। ਅਸੀਂ ਆਪਣੀਆਂ ਮਨੁੱਖੀ ਚਾਹਤਾਂ ਜਾਂ ਆਪਣੇ ਵਸੇਬੀ ਸ਼ਊਰ (ਰਹਿਤਲੀ ਗਿਆਨ) ਅਨੁਸਾਰ ਨਹੀਂ, ਬਾਜ਼ਾਰ ਤੇ ਉਪਭੋਗੀ-ਸੰਸਕ੍ਰਿਤੀ ਅਨੁਸਾਰ ਜਿਉਣ ਲਈ ਬੇਵੱਸ ਹਾਂ। ਅਸੀਂ 'ਸਾਚੀ ਸਾਖੀ' ਕਹਿਣ-ਸੁਣਨ ਵਾਲੇ ਹੁਸੈਨ ਕਿਵੇਂ ਬਣ ਸਕਦੇ ਹਾਂ?

ਭਾਰਤੀ ਆਵਾਮ ਦੂਹਰੀ ਮਾਰ ਹੇਠ ਹੈ। ਇੱਕ ਪਾਸੇ ਕਾਰਪੋਰੇਟ ਸੰਸਾਰ ਦਾ ਨਵ-ਉਦਾਰਵਾਦੀ ਆਰਥਿਕ ਏਜੰਡਾ ਹੈ, ਜੋ ਦੁਨੀਆਂ ਭਰ ਦੇ ਅਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਪ੍ਰਕਿਰਤਕ ਸਰੋਤਾਂ ਅਤੇ ਮਨੁੱਖੀ ਕਿਰਤ ਸ਼ਕਤੀ ਉੱਪਰ ਕਬਜ਼ਾ ਜਮਾਉਣਾ ਚਾਹੁੰਦਾ ਹੈ। ਵਿਸ਼ਵੀਕਰਨ, ਨਵ-ਉਦਾਰਵਾਦੀ ਆਰਥਿਕ ਮਾਡਲ, ਖੁੱਲ੍ਹੇ ਮੁਕਾਬਲੇ ਵਾਲੇ ਮੁਕਤ-ਬਾਜ਼ਾਰ ਆਦਿ ਦੇ ਲੁਭਾਉਣੇ ਮੁਖੌਟਿਆਂ ਰਾਹੀਂ ਉਹ ਆਪਣੀ ਆਵਾਰਾ ਵਿੱਤੀ-ਪੂੰਜੀ ਦੇ ਪਾਸਾਰ ਲਈ ਨਿੱਤ ਨਵੇਂ ਬਿਰਤਾਂਤ ਸਿਰਜਦਾ ਹੈ। ਭੂਮੰਡਲੀਕਰਨ, ਵਿਸ਼ਵ ਪੂੰਜੀਵਾਦ ਤੇ ਕਾਰਪੋਰੇਟ ਘਰਾਣਿਆਂ ਦੀ ਵਿੱਤੀ-ਪੂੰਜੀ ਦੇ ਬੇਰੋਕ-ਟੋਕ ਨਿਵੇਸ਼ ਲਈ ਨਵਾਂ ਗੁਰ-ਮੰਤਰ ਹੈ। ਹੱਦਾਂ-ਸਰਹੱਦਾਂ ਦੀਆਂ ਪਾਬੰਦੀਆਂ ਤੋਂ ਮੁਕਤ ਖੁੱਲ੍ਹੇ ਮੁਕਾਬਲੇ ਵਾਲਾ ਬਾਜ਼ਾਰ ਕਾਰਪੋਰੇਟਸ ਦੇ ਉਤਪਾਦਾਂ ਦੀ ਵਿਕਰੀ ਜਾਂ ਖਪਤ ਲਈ ਜ਼ਰੂਰੀ ਹੈ। ਵਿਸ਼ਵ ਪੂੰਜੀਪਤੀਆਂ ਜਾਂ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਦੇ ਨਿਵੇਸ਼ ਅਤੇ ਵੱਧ ਮੁਨਾਫ਼ੇ ਲਈ ਸਰਕਾਰੀ ਕੰਟਰੋਲ ਵਾਲੀ ਆਰਥਿਕਤਾ ਦੀ ਥਾਂ ਨਿੱਜੀਕਰਨ ਦਾ ਵਰਤਾਰਾ ਵਧੇਰੇ ਲਾਹੇਵੰਦਾ ਹੈ। ਰਾਸ਼ਟਰੀ ਜਾਂ ਸਰਕਾਰੀ ਕੰਟਰੋਲ ਵਾਲੀ ਆਰਥਿਕਤਾ ਅਤੇ ਸਥਾਨਕ ਲੋੜਾਂ ਮੁਤਾਬਕ ਵਿਕਾਸ ਦੇ ਮੁਕਾਬਲੇ ਕਾਰਪੋਰੇਟੀ ਵਿਕਾਸ ਮਾਡਲ ਅਸਮਾਨਤਾ ਤੇ ਆਰਥਿਕ ਪਾੜੇ ਨੂੰ ਵਧਾਉਣ ਵਾਲੇ ਹਨ। ਕਾਰਪੋਰੇਟ ਸੰਸਾਰ ਦੇ ਹਿਤਾਂ ਮੁਤਾਬਕ ਹੋ ਰਿਹਾ ਵਿਕਾਸ ਆਮ ਆਵਾਮ ਤੇ ਸਥਾਨਕ ਅਰਥਚਾਰਿਆਂ ਲਈ ਵਿਨਾਸ਼ ਤੇ ਉਜਾੜੇ ਦਾ ਕਾਰਨ ਬਣ ਰਿਹਾ ਹੈ। ਵਿਕਾਸ ਪੱਖੋਂ ਪੱਛੜੇ ਹੋਣ ਦਾ ਬਹਾਨਾ ਲਾ ਕੇ ਅੱਜ ਭਾਰਤ ਦੀਆਂ ਵੱਖ-ਵੱਖ ਜਨ-ਜਾਤੀਆਂ ਤੇ ਆਦਿ-ਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਵੱਡੇ ਪੂੰਜੀਪਤੀਆਂ (ਸਥਾਨਕ ਤੇ ਵਿਦੇਸ਼ੀ) ਦੀ ਅੱਖ ਜਲ, ਜੰਗਲ ਅਤੇ ਜ਼ਮੀਨ ਉੱਪਰ ਹੈ। ਸਦੀਆਂ ਤੋਂ ਕੁਦਰਤ ਦੇ ਰਹਿਮੋ-ਕਰਮ ਉੱਪਰ ਜੰਗਲਾਂ 'ਚ ਵਸਦੇ ਵਣ-ਵਾਸੀਆਂ ਤੇ ਆਦਿ-ਵਾਸੀਆਂ ਨੂੰ ਮੁੱਖ ਧਾਰਾ ਦੇ ਨਾਗਰਿਕ ਬਣਾਉਣ ਤੇ ਵਿਕਾਸ ਦੇ ਭਾਗੀਦਾਰ ਬਣਾਉਣ ਦਾ ਸਰਮਾਏਦਾਰੀ ਦਾ ਹੇਜ ਕਿਸੇ ਤੋਂ ਲੁਕਿਆ ਹੋਇਆ ਨਹੀਂ। ਵਿਕਾਸ ਦੇ ਨਾਮ ਉੱਪਰ ਆਮ ਲੋਕਾਂ ਤੋਂ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਕੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੀਆਂ ਜਾ ਰਹੀਆਂ ਹਨ। ਸਕੂਲ, ਕਾਲਜ, ਹਸਪਤਾਲ, ਰੇਲਵੇ, ਟਰਾਂਸਪੋਰਟ, ਹਵਾਈ ਅੱਡਿਆਂ ਤੇ ਏਅਰ ਲਾਈਨਜ਼ ਤੱਕ ਵੱਡੇ ਕਾਰੋਬਾਰੀਆਂ ਨੂੰ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਸਿੱਖਿਆ, ਸਿਹਤ, ਪਬਲਿਕ ਟਰਾਂਸਪੋਰਟ, ਬੈਂਕਿੰਗ ਨਾਲ ਜੁੜੇ ਅਦਾਰਿਆਂ ਦੇ ਨਿੱਜੀਕਰਨ ਨਾਲ ਰੁਜ਼ਗਾਰ ਦੇ ਖੇਤਰ/ਸਾਧਨ ਸੁੰਗੜੇ ਹਨ। ਖੇਤੀ ਤੇ ਫ਼ੂਡ ਇੰਡਸਟਰੀ ਵਿੱਚ ਕਾਰਪੋਰੇਟਾਂ ਦੀ ਪੂੰਜੀ ਦੇ ਨਿਵੇਸ਼ ਨਾਲ ਭਾਰਤ ਦੀ ਸਥਾਨਕ ਆਰਥਿਕਤਾ ਨੂੰ ਵੱਡੇ ਸੰਕਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੀਮਾਂਤ ਕਿਸਾਨ ਤੇ ਖੇਤੀ ਮਜ਼ਦੂਰ ਖ਼ੁਦਕੁਸ਼ੀਆਂ ਦੇ ਰਾਹ ਪਏ ਹਨ। ਭਾਰਤ ਦੀ ਰਵਾਇਤੀ ਖੇਤੀ ਤੇ ਸਹਿਕਾਰੀ ਖੇਤੀ ਦੀ ਥਾਂ ਸਾਡੀਆਂ ਸਰਕਾਰਾਂ ਵੱਲੋਂ ਠੇਕਾ-ਆਧਾਰਿਤ (ਕਾਰਪੋਰੇਟ ਖੇਤੀ ਮਾਡਲ) ਖੇਤੀ ਦੀ ਵਕਾਲਤ ਹੀ ਨਹੀਂ ਕੀਤੀ ਜਾ ਰਹੀ, ਸਗੋਂ ਉਸ ਪੱਖੀ ਖੇਤੀ ਕਾਨੂੰਨ ਬਣਾਏ ਜਾ ਰਹੇ ਹਨ। ਖਾਧ ਸੁਰੱਖਿਆ ਐਕਟ ਅਤੇ ਪਬਲਿਕ ਵੰਡ-ਪ੍ਰਣਾਲੀ ਨੂੰ ਤਬਾਹ ਕਰਕੇ ਵੱਡੇ ਵਪਾਰੀ ਤੇ ਕਾਰਪੋਰੇਟ ਘਰਾਣਿਆਂ ਨੂੰ ਖਾਧ ਪਦਾਰਥਾਂ ਦਾ ਜ਼ਖੀਰਾ ਕਰਨ ਤੇ ਮਨਮਰਜ਼ੀ ਦਾ ਮੁਨਾਫ਼ਾ ਕਮਾਉਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਬਾਜ਼ਾਰ ਦੀ ਮਾਰ ਜੇਬਾਂ ਨਾਲੋਂ ਵੱਧ ਸਾਡੇ ਮਨ-ਮਸਤਕ ਉੱਪਰ ਪੈ ਰਹੀ ਹੈ। ਸਾਧਨ-ਵਿਹੂਣੇ ਬੰਦੇ ਲਈ ਬਾਜ਼ਾਰ ਦੀ ਲਿਸ਼ਕ-ਪੁਸ਼ਕ ਅਸਮਾਨੀ ਬਿਜਲੀ ਵਾਂਗ ਘਾਤਕ ਹੁੰਦੀ ਹੈ। ਬਾਜ਼ਾਰ ਦੇ ਦਿੱਤੇ ਸੁਪਨੇ ਬਹੁਤ ਹਿੰਸਕ ਹੁੰਦੇ ਹਨ, ਹਮਾਤੜਾਂ ਲਈ।

ਕੁਝ ਵਰ੍ਹੇ ਪਹਿਲਾਂ ਇਤਿਹਾਸਕਾਰ ਇਰਫ਼ਾਨ ਹਬੀਬ ਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਅਸੀਂ (ਭਾਰਤੀ ਆਵਾਮ) ਇਤਿਹਾਸ ਦੇ ਬਹੁਤ ਬੁਰੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ। ਦੋ ਮੁੱਖ ਭਾਈਚਾਰਿਆਂ ਦੀ ਆਪਸੀ ਬੇਵਿਸ਼ਵਾਸੀ ਅਤੇ ਸਟੇਟ ਦੁਆਰਾ ਸਪਾਂਸਰਡ ਹਿੰਸਾ ਦੇ ਚਲਨ ਕਰਕੇ ਇਰਫ਼ਾਨ ਹਬੀਬ ਨੇ ਇਸ ਸਮੇਂ ਨੂੰ 'ਇਤਿਹਾਸ ਦਾ ਇੱਕ ਬੇਹੱਦ ਬੁਰਾ ਪਲ' ਕਿਹਾ ਹੈ। ਨਫ਼ਰਤ ਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਪ੍ਰਦਾਈ ਤਾਕਤਾਂ ਸਾਡੇ ਦੇਸ਼ ਦੇ ਫ਼ੈੱਡਰਲ ਸਰੂਪ, ਸੈਕੂਲਰ ਸੰਵਿਧਾਨ, ਲੋਕਤੰਤਰਿਕ ਸੰਸਥਾਵਾਂ, ਬਹੁ-ਰੰਗੇ ਸੱਭਿਆਚਾਰ, ਤਰਕਸ਼ੀਲ ਪਰੰਪਰਾਵਾਂ ਅਤੇ ਸਹਿਹੋਂਦ-ਮੂਲਕ ਸਾਂਝੀ ਸੰਸਕ੍ਰਿਤੀ ਨੂੰ ਗਿਣ-ਮਿਥ ਕੇ ਢਾਹ ਲਾ ਰਹੀਆਂ ਹਨ। ਭਾਰਤ ਦੇ ਬਹੁ-ਰੰਗੇ, ਬਹੁ-ਵੰਨੇ (Plurailst), ਸੰਮਿਲਤ (Incluisve) ਰਾਸ਼ਟਰਵਾਦ ਦੀ ਥਾਂ ਇੱਕ-ਰੰਗੇ ਹਿੰਦੂ ਰਾਸ਼ਟਰਵਾਦ ਦੀ ਬੁਨਿਆਦ ਰੱਖੀ ਜਾ ਰਹੀ ਹੈ। ਇਹ ਸਾਰਾ ਕੁਝ ਇੱਕ ਦੇਸ਼, ਇੱਕ ਧਰਮ, ਇੱਕ ਭਾਸ਼ਾ ਅਤੇ ਸਭ ਲਈ ਇੱਕ-ਸਮਾਨ ਕਾਨੂੰਨ ਦੀ ਆੜ ਹੇਠ ਹੋ ਰਿਹਾ ਹੈ। ਨਿਰਸੰਦੇਹ, ਭਾਰਤੀ ਰਾਸ਼ਟਰ ਦੀ ਤਾਕਤ ਤੇ ਖ਼ੂਬਸੂਰਤੀ ਉਸ ਦੇ ਬਹੁ-ਧਰਮੀ, ਬਹੁ-ਨਸਲੀ, ਬਹੁ-ਭਾਸ਼ੀ ਅਤੇ ਵੰਨ-ਸੁਵੰਨੇ ਸੱਭਿਆਚਾਰਕ ਤੇ ਐੱਥਨਿਕ ਸਮੂਹਾਂ ਦੀਆਂ ਸਹਿਹੋਂਦਵਾਦੀ ਪਰੰਪਰਾਵਾਂ ਕਰਕੇ ਹੈ। ਸਦੀਆਂ ਤੋਂ ਇੱਥੇ ਵਸਦੀਆਂ ਵੱਖ-ਵੱਖ ਜਾਤੀਆਂ/ਨਸਲਾਂ ਤੇ ਧਾਰਮਿਕ ਸਮੂਹਾਂ ਦੀ ਨਾਗਰਿਕਤਾ ਬਾਰੇ ਹੀ ਸੁਆਲ ਉਠਾਏ ਜਾ ਰਹੇ ਹਨ। ਬੀ.ਜੇ.ਪੀ. ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ 'ਹਿੰਦੂਤਵੀ ਰਾਸ਼ਟਰਵਾਦ' ਦਾ ਰਾਜਸੀ ਏਜੰਡਾ ਸਾਡੇ ਦੇਸ਼ ਦੇ ਫ਼ੈੱਡਰਲ ਢਾਂਚੇ ਅਤੇ ਸੰਵਿਧਾਨ ਦੇ ਸੈਕੂਲਰ ਸਰੂਪ ਲਈ ਹੀ ਵੱਡੀ ਚੁਣੌਤੀ ਬਣਿਆ ਹੋਇਆ ਹੈ। ਕੇਂਦਰ ਸਰਕਾਰ ਦੀ ਸ਼ਹਿ ਪ੍ਰਾਪਤ ਸੰਪ੍ਰਦਾਇਕ ਤਾਕਤਾਂ ਤੇ ਹਿੰਦੂਤਵੀ ਜਨੂੰਨੀਆਂ ਵੱਲੋਂ ਘੱਟ-ਗਿਣਤੀ ਫ਼ਿਰਕਿਆਂ ਨੂੰ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਧਾਰਮਿਕ, ਨਸਲੀ ਤੇ ਭਾਸ਼ਾਈ (ਐੱਥਨਿਕ) ਘੱਟ-ਗਿਣਤੀ ਸਮੂਹਾਂ ਨੂੰ ਉਨ੍ਹਾਂ ਦੀ ਦੁਜੈਲੀ ਤੇ ਅਧੀਨਗੀ ਵਾਲੀ ਹੋਂਦ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।

ਬੀ.ਜੇ.ਪੀ., ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਹਿੰਦੂਤਵੀ ਰਾਸ਼ਟਰ ਦੇ ਸਿਧਾਂਤਕਾਰਾਂ ਤੇ ਸਮਰਥਕਾਂ ਵੱਲੋਂ ਭਾਰਤੀ ਰਾਜ (State) ਅਤੇ ਲੋਕਤੰਤਰ ਦਾ ਚਿਹਰਾ-ਮੁਹਰਾ ਏਨਾ ਕਰੂਪ ਕਰ ਦਿੱਤਾ ਗਿਆ ਹੈ ਕਿ ਇਜ਼ਰਾਇਲੀ ਚਿੰਤਕ ਪ੍ਰੋਫ਼ੈਸਰ ਸਾਮੀ ਸਮੂਹਾ ਨੇ ਭਾਰਤ ਨੂੰ 'ਹਿੰਦੂ ਜਾਤੀਯ ਲੋਕਤੰਤਰ' (Hindu Ethinc Democracy) ਦਾ ਨਾਮ ਦਿੱਤਾ ਹੈ। ਘੱਟ ਗਿਣਤੀ ਮੁਸਲਿਮ ਭਾਈਚਾਰੇ ਨੂੰ ਸਰਕਾਰੀ ਏਜੰਸੀਆਂ ਤੇ ਸੰਪ੍ਰਦਾਇਕ ਜਨੂੰਨੀ ਟੋਲਿਆਂ ਦੀ ਹਿੰਸਾ ਅਤੇ ਨਫ਼ਰਤ ਦੀ ਰਾਜਨੀਤੀ ਦਾ ਸ਼ਿਕਾਰ ਬਣਾ ਕੇ ਹਿੰਦੂ ਬਹੁ-ਗਿਣਤੀ ਦੀ ਅਧੀਨਤਾ (Subjugaiton) ਸਵੀਕਾਰ ਕਰਨ ਲਈ ਨਿੱਤ ਨਵੇਂ ਸੰਕੇਤ ਦਿੱਤੇ ਜਾ ਰਹੇ ਹਨ। ਆਦਿ-ਵਾਸੀਆਂ ਤੇ ਜਨਜਾਤੀਆਂ ਦੀ ਧਰਮ ਪਰਿਵਰਤਨ ਰਾਹੀਂ ਘਰ ਵਾਪਸੀ ਹੋ ਰਹੀ ਹੈ। ਬੁਨਿਆਦੀ ਮਨੁੱਖੀ ਲੋੜਾਂ ਦੀ ਪੂਰਤੀ ਤੇ ਵਿਕਾਸ ਦੀ ਥਾਂ ਨਸਲੀ ਤੇ ਸੰਪ੍ਰਦਾਈ ਪਛਾਣਾਂ ਦੀ ਰਾਜਨੀਤੀ ਰਾਹੀਂ ਸੱਤਾ-ਸ਼ਤਰੰਜ ਦੇ ਨਵੇਂ ਬਿਰਤਾਂਤ ਤੇ ਮਿੱਥਕ ਘੜੇ ਜਾ ਰਹੇ ਹਨ। ਈ.ਡੀ. ਅਤੇ ਬੁਲਡੋਜ਼ਰ ਸੱਤਾ ਦੇ ਨਵੇਂ ਦਰੋਗੇ ਹਨ। ਬੁਲਡੋਜ਼ਰ ਘਰ ਜਾਂ ਬਸਤੀਆਂ ਹੀ ਨਹੀਂ ਢਾਹੁੰਦਾ, ਉਹ ਆਪਸੀ ਸਹਿਹੋਂਦ, ਸਹਿਨਸ਼ੀਲਤਾ, ਸਨਮਾਨ ਅਤੇ ਸਾਂਝੀਵਾਲਤਾ ਦੀ ਮਜ਼ਬੂਤ ਇਨਸਾਨੀ ਬੁਨਿਆਦ ਉੱਤੇ ਉਸਰੀ ਸਾਂਝੀ ਸੰਸਕ੍ਰਿਤੀ ਨੂੰ ਵੀ ਮਲੀਆ-ਮੇਟ ਕਰਦਾ ਹੈ। ਵੱਖਰੀ ਸੋਚ ਤੇ ਵੱਖਰਾ ਅਕੀਦਾ ਰੱਖਣ ਵਾਲੇ 'ਦੇਸ਼-ਧ੍ਰੋਹੀਆਂ' ਤੇ 'ਦੇਸ਼ ਦੇ ਗ਼ੱਦਾਰਾਂ' ਨੂੰ ਬੁਲਡੋਜ਼ਰ ਤੇ ਈ.ਡੀ. ਦੀ ਭਾਸ਼ਾ ਸਮਝ ਆਉਣ ਲੱਗ ਪਈ ਹੈ। ਇਹ ਬਹੁ-ਗਿਣਤੀ ਦੀ ਹਸਤੀ ਅਤੇ ਸੱਤਾ-ਸ਼ਕਤੀ ਦਾ ਅਹਿਸਾਸ ਕਰਵਾਉਣ ਵਾਲੇ ਨਵੇਂ ਰਾਜਸੀ ਮੈਟਾਫ਼ਰ ਹਨ। ਹਕੀਕਤ ਇਹ ਹੈ ਕਿ ਇਸਲਾਮ 'ਚ ਅਕੀਦਾ ਰੱਖਣ ਵਾਲਾ ਭਾਈਚਾਰਾ ਉਦਾਸ, ਚਿੰਤਤ ਤੇ ਡਰਿਆ ਹੋਇਆ ਅਤੇ ਖ਼ਾਮੋਸ਼ ਹੈ। ਉਨ੍ਹਾਂ ਦੀ ਧਾਰਮਿਕ ਪਛਾਣ ਹੀ ਉਨ੍ਹਾਂ ਦੀ ਹਸਤੀ ਤੇ ਹੋਂਦ ਲਈ ਖ਼ਤਰਾ ਬਣ ਗਈ ਹੈ।

ਅਸਮੀ ਭਾਸ਼ਾ ਦੇ ਕਵੀਆਂ- ਖਬੀਰ ਅਹਿਮਦ ਤੇ ਹਫ਼ੀਜ਼ ਅਹਿਮਦ ਨੇ ਆਸਾਮ ਦੇ 'ਮੀਆਂ ਭਾਈਚਾਰੇ' ਦੇ ਦਰਦ ਨੂੰ ਆਪਣੀਆਂ ਨਜ਼ਮਾਂ ਵਿੱਚ ਬਿਆਨ ਕੀਤਾ ਹੈ। ਨਿਖਿਲ ਸਚਾਨ ਦੀ ਕਵਿਤਾ 'ਮੁਸਲਮਾਨਾਂ ਤੋਂ ਡਰਦਾ ਬੰਦਾ' ਇਹ ਸੁਆਲ ਪੁੱਛਦੀ ਹੈ ਕਿ 'ਈਦ ਦੀਆਂ ਸੇਮੀਆਂ ਤੋਂ ਵੀ ਮਿੱਠੇ ਮੁਸਲਮਾਨ' ਅਖ਼ਬਾਰਾਂ, ਸਿਆਸਤ ਤੇ ਚੋਣਾਂ ਨੇ ਡਰਾਉਣੇ ਕਿਉਂ ਬਣਾ ਦਿੱਤੇ? ਦੇਵੀ ਪ੍ਰਸਾਦਿ ਮਿਸਰ ਦੀ ਕਵਿਤਾ 'ਮੁਸਲਮਾਨ' ਇਸ ਕੌੜੇ ਸੱਚ ਨੂੰ ਬਿਆਨਦੀ ਹੈ ਕਿ ਭਾਰਤੀ ਉਪ-ਮਹਾਂਦੀਪ ਦੇ ਨਗਰੀ-ਜੀਵਨ ਨੂੰ ਆਪਣੀ ਕਿਰਤ, ਸ਼ਿਲਪੀ ਹੁਨਰ ਅਤੇ ਕਲਾ ਨਾਲ ਸ਼ਿੰਗਾਰਨ-ਸਜਾਵਣ ਵਾਲੇ ਮੁਸਲਮਾਨ 'ਸ਼ਹਿਰ ਕੇ ਬਾਹਰ ਰਹਿਤੇ ਥੇ।' ਭਾਰਤ ਦੀ ਨਗਰੀ ਸੰਸਕ੍ਰਿਤੀ ਤੇ ਆਰਥਿਕਤਾ ਨੂੰ ਅਮੀਰੀ ਤੇ ਜੀਅ-ਜਾਨ ਬਖ਼ਸ਼ਣ ਵਾਲੇ ਮੁਸਲਮਾਨ




**ਮੁਜਾਹਰਾ: ਮਨੀਪੁਰ ਵਿੱਚ ਸ਼ਾਂਤੀ ਬਹਾਲੀ ਤੇ 'ਬਲਾਤਕਾਰੀਆਂ ਲਈ ਕੋਈ ਰਹਿਮ ਨਹੀਂ' ਸਬੰਧੀ ਲੋਕ-ਆਵਾਜ਼**

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਗਰਾਰਾ



## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-94173-58120



ਕਈ ਸ਼ਬਦਾਂ ਵਿੱਚ ਧੁਨੀ ਦੁਹਰਾ ਬੜਾ ਮਹੱਤਵਪੂਰਨ ਹੁੰਦਾ ਹੈ ਤੇ ਇਹੀ ਉਸ ਸ਼ਬਦ ਦੀ ਪਛਾਣ ਬਣ ਜਾਂਦਾ ਹੈ। ਅਜਿਹਾ ਹੀ ਇੱਕ ਸ਼ਬਦ 'ਗਰਾਰਾ' ਹੈ। ਫਾਰਸੀ ਕੋਸ਼ ਅਨੁਸਾਰ ਗਰਾਰਾ- ਕੁਰਲੀ ਕਰਨਾ, ਚੁਲੀ ਕਰਨਾ, ਕੁਰਲੀ, ਚੂਲੀ ਆਦਿ। ਮਹਾਨ ਕੋਸ਼ ਅਨੁਸਾਰ ਗਰਾਰਹ/ਗਰਾਰਾ- ਫ਼ਾ. ਅਰਬੀ ਵਿੱਚ ਇਹ ਸ਼ਬਦ ਗ਼ਰਗਰਹ ਹੈ, ਭਾਵ ਕੁਰਲਾ- ਮੂੰਹ ਵਿੱਚ ਪਾਣੀ ਲੈ ਕੇ ਕੁਲ ਕੁਲ ਸ਼ਬਦ ਕਰਨ ਦੀ ਕਿਰਿਆ ਅੰਗ. Gurgle ਖੁੱਲ੍ਹੇ ਪਜਾਮੇ ਨੂੰ ਵੀ ਗਰਾਰਾ ਕਿਹਾ ਜਾਂਦਾ ਹੈ। ਪੰਜਾਬੀ ਕੋਸ਼ ਅਨੁਸਾਰ ਗਰਾਰਾ- ਕੁਰਲੀ, ਮੂੰਹ ਵਿੱਚ ਪਾਣੀ ਲੈ ਕੇ ਸੰਘ ਵਿੱਚ ਫੇਰਨ ਲਈ ਗਰਗਰ ਕਰਨ ਦੀ ਕਿਰਿਆ, ਅਰਬੀ-ਗਰਾਰਤ= ਕਨਾਤ, ਤੰਬ੍ਹਾ; ਗਰਾਰੇਦਾਰ- ਖੁੱਲ੍ਹੇ ਪੌਂਚਿਆਂ ਵਾਲਾ ਪਜਾਮਾ। ਅਰਬੀ-ਫਾਰਸੀ-ਪੰਜਾਬੀ ਕੋਸ਼ ਅਨੁਸਾਰ ਗਰਾਰੇ/ਗਰਾਗਰਾ/ ਗਰਾਰਾ- ਹਲਕ ਵਿੱਚ ਪਾਣੀ ਫੇਰ ਕੇ ਗਰਗਰ ਦੀ ਆਵਾਜ਼ ਕੱਢਣਾ, ਮੂੰਹ ਵਿੱਚ ਨਮਕੀਨ ਪਾਣੀ ਪਾ ਕੇ ਹਲਕ ਦੇ ਨੁਕਸ ਦੂਰ ਕਰਨਾ, ਗਰਾਰੇ ਕਰਨਾ- ਮੁਹਾ। ਖਾਂਸੀ ਹੋਣ ਜਾਂ ਗਲਾ ਖਰਾਬ ਹੋਣ ਦੀ ਸਥਿਤੀ ਵਿੱਚ ਅਕਸਰ ਗਰਾਰੇ ਕਰਨ ਦੀ ਨੌਬਤ ਆ ਜਾਂਦੀ ਹੈ। ਕਰੋਨਾ ਕਾਲ ਵਿੱਚ ਤਾਂ ਗਰਾਰੇ ਕਰਨਾ ਅਚੁੱਕ ਨੁਸਖੇ ਵਾਂਗ ਪੇਟੈਂਟ ਹੋ ਗਿਆ ਸੀ।

ਗਰਾਰੇ ਲਈ ਅੰਗਰੇਜ਼ੀ ਵਿੱਚ ਮਿਲਦਾ-ਜੁਲਦਾ ਸ਼ਬਦ 'ਗਰਮਲ' ਹੈ, ਭਾਵ ਕੁਰਲੀ ਕਰਨੀ, ਚੂਲੀ ਕਰਨੀ। ਗਰਾਰਾ ਅਸਲ ਵਿੱਚ ਗਰਮ ਪਾਣੀ ਨਾਲ ਗਲੇ ਨੂੰ ਸੇਕਾ ਕਰਨ ਦੀ ਕਿਰਿਆ ਹੈ। ਇਸ ਵਿੱਚ ਪਾਣੀ ਨੂੰ ਬਾਹਰ ਜਾਂਦੀ ਪੌਣਧਾਰਾ ਰਾਹੀਂ ਗਲੇ ਵਿੱਚ ਰੋਕ ਕੇ ਰੱਖਿਆ ਜਾਂਦਾ ਹੈ। ਗਰਾਰਾ ਕਰਨ ਨਾਲ ਗਲਾ ਤਰ ਹੋ ਜਾਂਦਾ ਹੈ ਤੇ ਨਾਲ ਹੀ ਗਰ-ਗਰ ਦੀ ਧੁਨੀ ਨਿਕਲਦੀ ਹੈ। 'ਗਰ' ਸ਼ਬਦ ਸੰਸਕ੍ਰਿਤ ਦੀ /x`/ ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ- ਨਿਗਲਣਾ, ਤਰ ਕਰਨਾ, ਗਿੱਲਾ ਕਰਨਾ ਆਦਿ। ਗਰਾਰੇ ਅਥਵਾ ਗਰਮਲ ਕਰਨੇ ਵੀ ਗਲੇ ਨੂੰ ਤਰ ਕਰਨ ਦੀ ਕਿਰਿਆ ਹੈ, ਜਿਸ ਨਾਲ ਕੰਠ ਵਿੱਚੋਂ ਇੱਕ ਵਿਸ਼ੇਸ਼ ਧੁਨੀ ਨਿਕਲਦੀ ਹੈ।

ਗਰਾਰਾ ਸ਼ਬਦ ਇੰਡੋ-ਇਰਾਨੀ ਮੂਲ ਦਾ ਹੈ। ਸੰਸਕ੍ਰਿਤ ਵਿੱਚ ਗਰਾਰੇ ਲਈ /ਗਰਗਰ:/ ਸ਼ਬਦ ਹੈ, ਜਿਸਦਾ ਅਰਥ ਹੈ- ਪਾਣੀ ਨੂੰ ਮੱਥਣ ਦੀ ਕਿਰਿਆ, 'ਗਰਗਰ:' ਦਾ ਇੱਕ ਅਰਥ ਪਾਣੀ ਦਾ ਭੰਵਰ ਵੀ ਹੁੰਦਾ ਹੈ। ਮਧਾਣੀ ਨਾਲ ਜਦੋਂ ਦਹੀਂ ਰਿੜਕਿਆ ਜਾਂਦਾ ਹੈ ਤਾਂ ਘੁੰਮਦਾ ਪਦਾਰਥ ਭੰਵਰ ਪੈਦਾ ਕਰਦਾ ਹੈ। ਗਲੇ ਵਿੱਚ ਪਾਣੀ ਰੋਕ ਕੇ ਵੀ ਇਹੋ ਕਿਰਿਆ ਕੀਤੀ ਜਾਂਦੀ ਹੈ। ਫਾਰਸੀ ਵਿੱਚ ਗਰਾਰੇ ਲਈ 'ਗਰਾਰ:' ਕਿਰਿਆ ਹੈ। ਮੰਨਿਆ ਜਾਂਦਾ ਹੈ ਕਿ ਫਾਰਸੀ ਦੀ ਇਹ ਕਿਰਿਆ ਰਾਹੀਂ ਗਰਾਰਾ ਸ਼ਬਦ ਸਾਡੀਆਂ ਭਾਸ਼ਾਵਾਂ ਵਿੱਚ ਆਇਆ ਹੈ। ਭਰੋਪੀ ਭਾਸ਼ਾ ਪਰਿਵਾਰ ਤੋਂ ਵੱਖ ਸੈਮਟਿਕ ਭਾਸ਼ਾ ਪਰਿਵਾਰ ਦੀ ਅਰਬੀ ਵਿੱਚ ਵੀ ਗਰਾਰੇ ਲਈ ਸੰਸਕ੍ਰਿਤ ਵਾਂਗ 'ਗਰਗਰ' ਸ਼ਬਦ ਹੈ। ਫਰਕ ਸਿਰਫ਼ ਨੁਕਤੇ ਦਾ ਹੈ।

ਗਰਗਰ ਸ਼ਬਦ ਬਣਿਆ ਹੈ 'ਗਰਗ:' ਤੋਂ। ਇਹ ਇੱਕ ਪ੍ਰਸਿਧ ਗੋਤ ਵੀ ਹੈ। ਏਸੇ ਨਾਂ ਦਾ ਇੱਕ ਰਿਸ਼ੀ ਵੀ ਮਿਲਦਾ ਹੈ, ਜੋ ਯਾਦਵਾਂ ਦਾ ਪ੍ਰੋਹਤ ਮੰਨਿਆ ਜਾਂਦਾ ਹੈ। ਇਹਦੀ ਪੁੱਤਰੀ ਦਾ ਨਾਂ ਗਾਰਗੀ ਸੀ। ਪੰਜਾਬੀ ਦਾ ਪ੍ਰਸਿਧ ਲੇਖਕ ਬਲਵੰਤ ਗਾਰਗੀ ਹੈ। ਗਰਗ ਦੀ ਕੁਲ ਪਰੰਪਰਾ ਵਿੱਚ ਆਉਣ ਵਾਲੇ ਗਰਗ, ਗਾਰਗੇਯ, ਗਾਰਯ ਜਾਂ ਗਾਰਗੀ ਕਹੇ ਜਾਂਦੇ ਹਨ। 'ਗਰਗ:' ਦੀ ਵਿਓਤਪਤੀ /x`/ ਧਾਤੂ ਤੋਂ ਹੋਈ ਹੈ, ਜਿਸ ਵਿੱਚ ਮੂਲ ਭਾਵ ਗਲੇ ਵਿਚੋਂ ਨਿਕਲਣ ਵਾਲੀ ਧੁਨੀ ਹੈ। ਗਰਗ ਦਾ ਇੱਕ ਅਰਥ ਸਾਂਢ ਵੀ ਹੁੰਦਾ ਹੈ। ਸ਼ਾਇਦ ਉਹਦੇ ਮੂੰਹ ਵਿਚੋਂ ਡਕਰਾਨੇ ਜਾਂ ਡਕਾਰਣ ਵਾਲੀ ਜੋ ਧੁਨੀ ਨਿਕਲਦੀ ਹੈ, ਓਸੇ ਕਰਕੇ ਉਹਨੂੰ ਇਹ ਪਛਾਣ ਮਿਲੀ ਹੋਵੇ।

ਅੱਜ ਕੱਲ੍ਹ ਅੰਗਰੇਜ਼ੀ ਸ਼ਬਦ ਗਰਗਲ (Gargle) ਦੀ ਬਹੁਤ ਵਰਤੋਂ ਹੁੰਦੀ ਹੈ। ਅੰਗਰੇਜ਼ੀ ਵਿੱਚ ਇਹਦੀ ਆਮਦ ਫਰੈਂਚ ਸ਼ਬਦ 'Gargoiuller' ਤੋਂ ਮੰਨੀ ਜਾਂਦੀ ਹੈ, ਜੋ ਕਲਾਸੀਕਲ ਫਰੈਂਚ ਦੇ 'Gargoiulle' ਤੋਂ ਜਨਮਿਆ ਹੈ, ਜਿਸ ਵਿੱਚ ਗਲੇ ਵਿੱਚ ਪਾਣੀ ਦੇ ਰਿੜਕਣ ਨਾਲ ਨਿਕਲ ਰਹੀ ਆਵਾਜ਼ ਦੇ ਅਰਥ ਪਏ ਹਨ। ਇਸ ਸ਼ਬਦ ਦੀ ਵਿਓਤਪਤੀ ਗਰਗ (Garg) ਤੋਂ ਮੰਨੀ ਜਾਂਦੀ ਹੈ, ਜਿਸ ਵਿੱਚ ਗਲੇ ਵਿੱਚੋਂ ਨਿਕਲਣ ਵਾਲੀ ਆਵਾਜ਼ ਦਾ ਭਾਵ ਹੈ। ਇਹਦਾ ਟਾਕਰਾ ਸੰਸਕ੍ਰਿਤ ਦੇ ਗਰਗ /j%/ ਨਾਲ ਕੀਤਾ ਜਾ ਸਕਦਾ ਹੈ। ਗਾਰਗਲ ਸ਼ਬਦ ਬਣਿਆ ਹੈ, Garg (ਗਰਗ) + Goule (ਗਾਲ) ਤੋਂ। ਪੁਰਾਣੀ ਫਰੈਂਚ ਵਿੱਚ Goule ਸ਼ਬਦ ਲੈਟਿਨ ਦੇ Gula ਤੋਂ ਬਣਿਆ ਹੈ, ਜਿਸਦਾ ਅਰਥ ਹੈ, ਗਲਾ ਜਾਂ ਕੰਠ। ਲੈਟਿਨ ਦੀ ਸਕੀਰੀ ਭਰੋਪੀ ਭਾਸ਼ਾ ਪਰਿਵਾਰ ਨਾਲ ਵੀ ਰਹੀ ਹੈ। ਲੈਟਿਨ ਦੇ ਗੁਲਾ ਤੇ ਪੰਜਾਬੀ ਗਲੇ ਨਾਲ ਇਹਦੀ ਸਮਾਨਤਾ ਦੇਖੀ ਜਾ ਸਕਦੀ ਹੈ। ਗਲਾ ਸ਼ਬਦ ਬਣਿਆ ਹੈ ਸੰਸਕ੍ਰਿਤ ਦੀ /xy~/ ਧਾਤੂ ਤੋਂ, ਜਿਸ ਵਿੱਚ ਟਪਕਣ, ਚੁਆਣ, ਰਿਸਣ, ਪਿਘਲਣ ਦੇ ਭਾਵ ਹਨ। ਇਹ ਸਾਰੀਆਂ ਕਿਰਿਆਵਾਂ ਤੋਂ ਜ਼ਾਹਰ ਹੈ ਕਿ ਕਿਤੇ ਕੁਝ ਖਤਮ ਹੋ ਰਿਹਾ ਹੈ, ਨਸ਼ਟ ਹੋ ਰਿਹਾ ਹੈ। ਇਸਦਾ ਇੱਕ ਅਰਥ ਓਹਲੇ ਹੋ ਜਾਣਾ ਵੀ ਹੈ, ਜਿਵੇਂ ਗਲਣਾ, ਗਲਾਉਣਾ, ਪਿਘਲਣਾ ਵਰਗੇ ਸ਼ਬਦ ਸਭ ਗਲ੍ਹ ਤੋਂ ਬਣੇ ਹਨ। ਗਲ੍ਹ ਧਾਤੂ ਦੇ ਕੰਠ ਵਿਚੋਂ ਵੀ ਚੀਜ਼ਾਂ ਜਾ ਕੇ ਓਹਲੇ ਹੋ ਜਾਂਦੀਆਂ ਹਨ। ਮੂੰਹ ਦੇ ਰਸਤਿਓਂ ਜੋ ਕੁਝ ਅੰਦਰ ਜਾਂਦਾ ਹੈ, ਉਹ ਅੱਖਾਂ ਤੋਂ ਪਰ੍ਹੇ ਹੋਈ ਜਾਂਦਾ ਹੈ। ਰਿਸਣ, ਪਿਘਲਣ, ਵਰਗੀਆਂ ਕਿਰਿਆਵਾਂ, ਲਈ ਬਹੁਤ ਛੋਟੇ ਛੋਟੇ ਰਸਤੇ ਹੁੰਦੇ ਹਨ। ਗਲੇ ਦੇ ਇਸ ਛੋਟੇ ਰਸਤੇ ਤੋਂ ਗਲੀ ਬਣਿਆ ਹੈ, ਜਿਸ ਵਿੱਚ ਪਤਲੇ, ਤੰਗ ਰਸਤੇ ਦੇ ਭਾਵ ਹਨ। ਗਲੀ ਤੋਂ ਗਲਿਆਰਾ ਬਣਿਆ ਹੈ, ਜਿਸ ਵਿੱਚ ਤੰਗ, ਪਤਲੇ ਜਾਂ ਛੋਟੇ ਦਾ ਭਾਵ ਹੈ।

ਆਮ ਤੌਰ 'ਤੇ ਗਰ ਗਰ ਦੀ ਧੁਨੀ ਗਲੇ ਜਾਂ ਨੱਕ ਵਿੱਚੋਂ ਨਿਕਲਦੀ ਹੈ। ਇਹਦੇ ਨਿਕਲਣ ਲਈ ਨੱਕ ਜਾਂ ਗਲੇ ਦਾ ਤਰ ਜਾਂ ਨਮ ਹੋਣਾ ਜ਼ਰੂਰੀ ਹੈ। ਕ-ਵਰਗ ਦੀਆਂ ਧੁਨੀਆਂ ਦਾ ਉਥਾਨ ਕੰਠ ਹੈ। ਨੀਂਦ ਵਿੱਚ ਵਜਣ ਵਾਲੇ ਘੁਰਾੜੇ ਨੂੰ ਵੀ ਇਸ ਪ੍ਰਸੰਗ ਵਿੱਚ ਦੇਖਿਆ ਜਾ ਸਕਦਾ ਹੈ। 'ਗ>ਘ' ਦਾ ਰੂਪਾਂਤਰਣ ਹੋ ਜਾਂਦਾ ਹੈ। ਜੇ ਟੋਨ ਵਾਲੀ ਸਥਿਤੀ ਵਿੱਚ ਦੇਖੀਏ ਤਾਂ 'ਘ' ਦਾ ਉਚਾਰਣ 'ਕ' ਵਿੱਚ ਬਦਲ ਜਾਂਦਾ ਹੈ ਤੇ ਇੰਜ 'ਗ>ਕ' ਵਿੱਚ ਰੂਪਾਂਤਰ ਹੋ ਜਾਂਦਾ ਹੈ। ਇਸ ਤਰ੍ਹਾਂ ਗਰਾਰੇ ਵਰਗਾ ਧੁਨੀ-ਪਛਾਣ ਵਾਲਾ ਕਿਰਿਆ ਸ਼ਬਦ ਆਪਣੀ ਵਿਸ਼ੇਸ਼ ਸਮਰੱਥਾ ਦਾ ਵਾਚਕ ਹੈ।



ਗਰਾਰਾ: ਔਰਤਾਂ ਵਲੋਂ ਪਾਇਆ ਜਾਣ ਵਾਲਾ ਰਵਾਇਤੀ ਲਿਬਾਸ

# ਪਿੰਜਰੇ, ਸਲਾਖਾਂ ਤੇ ਕਲਮਾਂ

ਕਿਰਤੀ-ਕਾਰੀਗਰ, ਸ਼ਿਲਪਕਾਰ ਅਤੇ ਫ਼ਨਕਾਰ ਸਾਡੀ ਨਗਰੀ ਸੱਭਿਅਤਾ ਤੇ ਸੰਸਕ੍ਰਿਤੀ ਵਿੱਚ ਸਮਾ ਕਿਉਂ ਨਾ ਸਕੇ? ਇਹ ਸੁਆਲ ਪ੍ਰੇਸ਼ਾਨ ਕਰਨ ਵਾਲਾ ਵੀ ਹੈ ਤੇ ਚੰਗੇ ਭਵਿੱਖ ਲਈ ਸੋਚਣ-ਵਿਚਾਰਨ ਵਾਲਾ ਵੀ।

ਇਹ ਸਮਾਂ ਸਾਹਿਤਕਾਰਾਂ, ਬੁੱਧੀਜੀਵੀਆਂ, ਕਲਾਕਾਰਾਂ, ਪੱਤਰਕਾਰਾਂ ਅਤੇ ਅਸਹਿਮਤੀ ਦਾ ਸੁਰ ਅਲਾਪਣ ਵਾਲੇ ਸੰਵੇਦਨਸ਼ੀਲ ਇਨਸਾਨਾਂ ਲਈ ਬਹੁਤ ਮੁਸ਼ਕਿਲ ਸਮਾਂ ਹੈ। ਹਿੰਸਾ ਅਤੇ ਤਰ੍ਹਾਂ-ਤਰ੍ਹਾਂ ਦੇ ਪ੍ਰਲੋਭਣ ਲੋਕ-ਪੱਖੀ ਰਚਨਾ-ਧਰਮੀਆਂ ਅਤੇ ਕਲਾ-ਸਾਧਕਾਂ ਦਾ ਰਾਹ ਰੋਕੀ ਖੜ੍ਹੇ ਹਨ, ਪਰ ਇਹ ਪਹਿਲੀ ਵਾਰ ਨਹੀਂ ਵਾਪਰ ਰਿਹਾ। ਇਤਿਹਾਸ ਗਵਾਹ ਹੈ ਕਿ ਵਿਸ਼ ਦੇ ਪਿਆਲੇ, ਸੂਲੀਆਂ, ਸਲੀਬਾਂ, ਫ਼ਾਂਸੀ ਦੇ ਫੰਦੇ, ਗੋਲੀਆਂ, ਬੰਦੀਖ਼ਾਨੇ ਤੇ ਜਲਾਵਤਨੀਆਂ - ਈਸਾ, ਸੁਕਰਾਤ, ਮਨਸੂਰ, ਸਰਮਦ, ਦੁੱਲਾ ਭੱਟੀ, ਲੋਰਕਾ, ਵਾਲਟਰ ਬੈਂਜਾਮਿਨ, ਸਾਰਤਰ, ਗ੍ਰਾਮਸ਼ੀ, ਫ਼ਰਾਂਜ਼ ਫੈਨਨ, ਚੀ ਗਵੇਰਾ, ਨਾਜ਼ਿਮ ਹਿਕਮਤ ਤੇ ਸ਼ਹੀਦ ਭਗਤ ਸਿੰਘ ਜਿਹੇ ਦਾਨਸ਼ਵਰਾਂ ਦਾ ਨਸੀਬਾ ਬਣਦੇ ਰਹੇ ਹਨ। ਸਾਡੇ ਆਪਣੇ ਮੁਲਕ ਵਿੱਚ ਰਾਮ ਪ੍ਰਸਾਦ ਬਿਸਮਿਲ, ਕਾਜ਼ੀ ਨਜ਼ਰੁਲ ਇਸਲਾਮ, ਸੁਬਰਾਮਣੀਆ ਭਾਰਤੀ, ਫ਼ੈਜ਼ ਅਹਿਮਦ ਫ਼ੈਜ਼, ਯਸ਼ਪਾਲ, ਬਾਬਾ ਨਾਗਾਰਜੁਨ, ਸ੍ਰੀ ਸ੍ਰੀ (ਤੈਲਗੂ ਕਵੀ) ਅਤੇ ਪਾਸ਼ ਦਾ ਕਬੀਲਾ ਅੱਜ ਖ਼ਾਮੋਸ਼ ਨਹੀਂ। ਅਹਿੰਸਾ ਪਰਮੋ-ਧਰਮ ਦੇ ਸੱਚੇ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲੇ ਹੁਕਮਰਾਨ ਹਰ ਤਰ੍ਹਾਂ ਦੀ ਅਸਹਿਮਤੀ ਤੇ ਵਿਚਾਰਾਂ ਦੇ ਵਖਰੇਵੇਂ ਨੂੰ ਨਿਰਲੱਜ ਹਿੰਸਾ ਰਾਹੀਂ ਦਬਾ ਰਹੇ ਹਨ। ਨਰੇਂਦਰ ਦਾਭੋਲਕਰ, ਗੋਬਿੰਦ ਪਾਨਸਾਰੇ, ਐਮ.ਐਮ. ਕੁਲਬਰਗੀ ਅਤੇ ਗੌਰੀ ਲੰਕੇਸ਼ ਦੇ ਯੋਜਨਾਬੱਧ ਕਤਲਾਂ ਰਾਹੀਂ ਆਜ਼ਾਦ ਖ਼ਿਆਲ ਸਾਹਿਤਕਾਰਾਂ, ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਕਲਾ-ਕਰਮੀਆਂ ਨੂੰ ਸਾਫ਼ ਸੁਨੇਹਾ ਦਿੱਤਾ ਗਿਆ ਕਿ ਹੁਣ ਇਸ ਮੁਲਕ ਵਿੱਚ ਅਸਹਿਮਤੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਕੋਈ ਥਾਂ ਨਹੀਂ।

ਕੁਝ ਸਾਲ ਪਹਿਲਾਂ ਸੰਪ੍ਰਦਾਈ ਆਤੰਕ ਤੋਂ ਦਹਿਲੇ ਹੋਏ ਤਾਮਿਲ ਕਵੀ-ਗਲਪਕਾਰ ਪੇਰੂਮਲ ਮੁਰੂਗਨ ਨੇ ਲਿਖਣ ਤੋਂ ਹੀ ਤੋਬਾ ਕਰ ਲਈ ਸੀ। ਭਾਰਤ ਦੇ ਨਾਮੀ ਲੇਖਕ, ਬੁੱਧੀਜੀਵੀ, ਅਰਥ-ਸ਼ਾਸਤਰੀ, ਇਤਿਹਾਸਕਾਰ, ਪੱਤਰਕਾਰ ਅਤੇ ਸਮਾਜਕ ਕਾਰਕੁਨ ਵੱਖ-ਵੱਖ ਕਾਲੇ ਕਾਨੂੰਨਾਂ ਦੀ ਆੜ ਵਿੱਚ ਜੇਲ੍ਹਾਂ 'ਚ ਬੰਦ ਹਨ; ਵਰਵਰਾ ਰਾਉ, ਗੌਤਮ ਨਵਲੱਖਾ, ਸੁਧਾ ਭਾਰਦਵਾਜ, ਆਨੰਦ ਤੇਲਤੁੰਬੜੇ, ਪ੍ਰੋ. ਸਾਈ ਬਾਬਾ, ਅਰੁਣ ਫਰੇਰਾ, ਵਰਨੌਨ ਗੋਂਜ਼ਾਲਵੇਜ਼, ਅਖਿਲ ਗਗੋਈ, ਪ੍ਰੋ. ਸੋਮਾ ਸ਼ੇਨ, ਸੂਸਨ ਅਬਰਾਹਮ, ਮੀਰਾਨ ਹੈਦਰ, ਸਫ਼ੂਰਾ ਜ਼ਰਗਰ ਆਦਿ ਦੇ ਨਾਮਾਂ ਦੀ ਫ਼ਹਿਰਿਸਤ ਕਾਫ਼ੀ ਲੰਬੀ ਹੈ। ਆਦਿ-ਵਾਸੀਆਂ ਲਈ ਲਾਮਿਸਾਲ ਕੰਮ ਕਰਨ ਵਾਲਾ ਫ਼ਾਦਰ ਸਟੇਨ ਸਵਾਮੀ ਖਤਰਨਾਕ ਆਤੰਕੀ ਹੋਣ ਦਾ ਅਹਿਸਾਸ ਲੈ ਕੇ ਗੁਜ਼ਰ ਗਿਆ। ਬਿਲਕੀਸ ਬਾਨੋ ਦੇ ਪਰਿਵਾਰ ਦੇ ਕਾਤਲ ਤੇ ਬਲਾਤਕਾਰੀ 'ਚੰਗੇ ਸੰਸਕਾਰਾਂ ਵਾਲੇ ਹਿੰਦੂ' ਕਰਾਰ ਦੇ ਕੇ ਆਜ਼ਾਦੀ ਦਿਹਾੜੇ ਰਿਹਾਅ ਕਰ ਦਿੱਤੇ ਗਏ, ਜਿਸ ਦਿਨ ਦੇਸ਼ ਦਾ ਪ੍ਰਧਾਨ ਮੰਤਰੀ ਔਰਤਾਂ ਦੇ ਸਨਮਾਨ ਦੀ ਬਹਾਲੀ ਦਾ ਰਾਗ ਅਲਾਪ ਰਿਹਾ ਸੀ। ਫ਼ਿਰਕਾਪ੍ਰਸਤੀ ਦੇ ਜ਼ਹਿਰ ਤੋਂ ਆਤੰਕਿਤ ਮਹਾਨ ਚਿੱਤਰਕਾਰ ਮਕਬੂਲ ਫ਼ਿਦਾ ਹੁਸੈਨ, ਉਸ ਦੇ ਬਣਾਏ ਦੁਰਗਾ ਦੇ ਚਿੱਤਰ ਤੋਂ ਪੈਦਾ ਹੋਏ ਵਿਵਾਦ ਕਾਰਨ ਮੁਲਕ ਹੀ ਦੇਸ਼ ਛੱਡ ਗਿਆ ਸੀ। ਗੁਜਰਾਤ ਦੰਗਿਆਂ ਦੇ ਪੀੜਤਾਂ ਲਈ ਇਨਸਾਫ਼ ਮੰਗਣ ਵਾਲੀ ਸਮਾਜਕ ਬੁੱਧੀਜੀਵੀ, ਕਾਰਕੁਨ ਅਤੇ ਲੇਖਿਕਾ ਤੀਸਤਾ ਸੀਤਲਵਾੜ ਨੂੰ ਸਲਾਖਾਂ ਪਿੱਛੇ ਡੱਕ ਕੇ ਜ਼ਬਾਨਬੰਦੀ ਦਾ ਸੰਦੇਸ਼ ਦਿੱਤਾ ਗਿਆ। ਅਸਹਿਣਸ਼ੀਲਤਾ ਦੇ ਮਾਹੌਲ ਅਤੇ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਕਲਾ-ਕਰਮੀਆਂ ਦੇ ਕਤਲਾਂ ਪ੍ਰਤੀ ਸਰਕਾਰ ਦੀ ਚੁੱਪ ਅਤੇ ਉਦਾਸੀਨਤਾ ਦੇ ਵਿਰੋਧ ਵਿੱਚ ਵੱਖ-ਵੱਖ ਜ਼ਬਾਨਾਂ ਦੇ ਕਈ ਲੇਖਕਾਂ ਨੇ ਆਪਣੇ ਸਾਹਿਤ ਅਕਾਦਮੀ ਐਵਾਰਡ ਵਾਪਸ ਕੀਤੇ ਸਨ। ਸਿੱਖਿਆ ਦੇ ਭਗਵੇਂਕਰਨ ਅਤੇ ਵੱਖ-ਵੱਖ ਅਕਾਦਮਿਕ, ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਵਿੱਚ ਹਿੰਦੂ ਫ਼ਿਰਕਾਪ੍ਰਸਤਾਂ ਦੀ ਸਰਕਾਰਾਂ ਦੁਆਰਾ ਘੁਸਪੈਠ ਦੇ ਵਿਰੋਧ ਵਿੱਚ ਦੇਵਾਨੂਰ ਮਹਾਂਦੇਵ, ਜੀ. ਰਾਮਾਕ੍ਰਿਸ਼ਨਾ, ਐਸ.ਜੀ. ਸਿੱਧਾਰਮੱਈਆ, ਮੁਦਨਾਕੁਡੂ ਚਿੰਨਾਸਵਾਮੀ, ਵੀਰੱਪਾ ਐਮ. ਕੰਮਬਾਲੀ, ਰੂਪਾ ਹਸਨ, ਸੂਰਾਜੂ ਕਟਕਾਰ ਅਤੇ ਚੰਦਰਸ਼ੇਖਰ ਤਾਲੀਆ ਸਮੇਤ ਸੱਤ ਲੇਖਕ ਆਪਣੀਆਂ ਰਚਨਾਵਾਂ ਸਰਕਾਰੀ ਪਾਠ-ਪੁਸਤਕਾਂ ਵਿੱਚ ਨਾ ਛਾਪਣ ਲਈ ਕਹਿ ਚੁੱਕੇ ਹਨ। ਇਨ੍ਹਾਂ ਲੇਖਕਾਂ ਦਾ ਇਤਰਾਜ਼ ਹੈ ਕਿ ਭਾਰਤ ਦੇ ਸਿੱਖਿਆ ਮੰਤਰਾਲੇ ਵੱਲੋਂ ਛਾਪੀਆਂ ਜਾ ਰਹੀਆਂ ਪੁਸਤਕਾਂ ਵਿੱਚ ਗੁਮਰਾਹਕੁਨ ਜਾਣਕਾਰੀ ਦਿੱਤੀ ਜਾ ਰਹੀ ਹੈ ਅਤੇ ਇਤਿਹਾਸਕ ਤੱਥਾਂ ਨਾਲ ਸੰਪ੍ਰਦਾਇਕ ਨਜ਼ਰੀਏ ਤੋਂ ਛੇੜ-ਛਾੜ ਕੀਤੀ ਜਾ ਰਹੀ ਹੈ, ਜੋ 'ਰਾਸ਼ਟਰੀ ਪਾਠਯ-ਕ੍ਰਮ ਚੌਖਟੇ-2005 (Naitonal Curirculum Framework-2005)' ਅਤੇ ਭਾਰਤੀ ਸੰਵਿਧਾਨ ਦੇ ਖ਼ਿਲਾਫ਼ ਹੈ।

ਤਸੱਲੀ ਵਾਲੀ ਗੱਲ ਹੈ ਕਿ ਇਨ੍ਹਾਂ ਤਮਾਮ ਸਰਕਾਰੀ ਦਬਾਵਾਂ ਅਤੇ ਹਿੰਸਕ ਮਾਹੌਲ ਦੇ ਬਾਵਜੂਦ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਲੇਖਕ ਹਰ ਤਰ੍ਹਾਂ ਦੇ ਅਨਿਆਂ ਤੇ ਦਮਨ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ। ਬਾਜ਼ਾਰ ਦੀ ਸੁਨਹਿਰੀ ਚੋਗ ਵਾਲੇ ਪਿੰਜਰੇ ਅਤੇ ਸਰਕਾਰ ਦੇ ਦਮਨਕਾਰੀ ਤੰਤਰ ਦੀਆਂ ਸਲਾਖਾਂ ਜਾਂ ਬੁਲਡੋਜ਼ਰ ਦੇ ਜ਼ਾਲਮ ਪੰਜੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ ਅਤੇ ਪੱਤਰਕਾਰਾਂ (ਭਾਵੇਂ ਗਿਣੇ-ਚੁਣੇ ਹੀ ਸਹੀ) ਦਾ ਹੌਸਲਾ ਪਸਤ ਨਹੀਂ ਕਰ ਸਕੇ। ਨਿਰਸੰਦੇਹ ਲੇਖਕ ਕੁਝ ਉਦਾਸ, ਚਿੰਤਤ ਤੇ ਡਰੇ ਹੋਏ ਜ਼ਰੂਰ ਹਨ, ਪਰ ਆਪਣੇ ਰਚਨਾ-ਧਰਮ ਤੋਂ ਥਿੜਕੇ ਨਹੀਂ। ਮਰਹੂਮ ਪ੍ਰਗਤੀਸ਼ੀਲ ਪਾਕਿਸਤਾਨੀ ਸ਼ਾਇਰਾ ਫ਼ਹਮੀਦਾ ਰਿਆਜ਼ ਦੀ ਤਨਜ਼ੀਆ ਸੁਰ ਵਾਲੀ ਨਜ਼ਮ 'ਨਯਾ ਭਾਰਤ' ਸਾਡੇ ਲਈ ਢਾਰਸ ਬਨ੍ਹਾਉਣ ਵਾਲੀ ਤੇ ਰਾਹ-ਦਸੇਰਾ ਬਣ ਗਈ ਹੈ:

ਤੁਮ ਬਿਲਕੁਲ ਹਮ ਜੈਸੇ ਨਿਕਲੇ
ਅਬ ਤਕ ਕਹਾਂ ਛੁਪੇ ਥੇ ਭਾਈ
    ਵੋਹ ਮੂਰਖਤਾ, ਵੋਹ ਘਾਮੜਪਨ
    ਜਿਸ ਮੇਂ ਹਮ ਨੇ ਸਦੀ ਗਵਾਈ
ਆਖ਼ਰ ਪਹੁੰਚੀ ਦਵਾਰ ਤੁਮਾਰੇ
ਅਰੇ ਵਧਾਈ, ਬਹੁਤ ਵਧਾਈ
    ਪ੍ਰੇਤ ਧਰਮ ਕਾ ਨਾਚ ਰਹਾ ਹੈ
    ਕਾਇਮ ਹਿੰਦੂ ਰਾਜ ਕਰੋਗੇ?
ਉਲਟੇ ਸਾਰੇ ਕਾਜ ਕਰੋਗੇ?
ਅਪਨਾ ਚਮਨ ਤਾਰਾਜ ਕਰੋਗੇ?
    ਤੁਮ ਭੀ ਬੈਠ ਕਰੋਗੇ ਸੋਚਾ
    ਪੂਰੀ ਹੈ ਵੈਸੀ ਤੱਯਾਰੀ
ਕੌਨ ਹੈ ਹਿੰਦੂ, ਕੌਨ ਨਹੀਂ ਹੈ
ਤੁਮ ਭੀ ਫਤਵੇ ਕਰੋਗੇ ਜਾਰੀ...
    ਭਾੜ ਮੇਂ ਜਾਏ ਸਿਕਸ਼ਾ-ਵਿਕਸ਼ਾ
    ਅਬ ਜਾਹਿਲਪਨ ਕੇ ਗੁਨ ਗਾਨਾ।

# ਗੁਰਦੁਆਰਾ ਪੈਲਾਟਾਈਨ ਦੇ 'ਸਿੱਖ ਕਲਾ ਅਤੇ ਸਭਿਆਚਾਰ ਮੇਲੇ' ਵਿੱਚ ਲੱਗੀਆਂ ਰੌਣਕਾਂ

## *ਬੱਚਿਆਂ ਤੇ ਵੱਡਿਆਂ ਨੇ ਬਖੇਰੇ ਆਪਣੀ ਪ੍ਰਤਿਭਾ ਦੇ ਰੰਗ* – *ਵੱਖ-ਵੱਖ ਤਰ੍ਹਾਂ ਦੀ ਜਾਣਕਾਰੀ ਦੇਣ ਦਾ ਸੀ ਮੰਚ ਮੁਹੱਈਆ*

**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਗੁਰਦੁਆਰਾ ਪੈਲਾਟਾਈਨ ਵਿੱਚ ਲੱਗਿਆ 'ਸਿੱਖ ਕਲਾ ਅਤੇ ਸਭਿਆਚਾਰ ਮੇਲਾ' ਬੱਚਿਆਂ ਅੰਦਰ ਛੁਪੀ ਪ੍ਰਤਿਭਾ ਨੂੰ ਉਭਾਰਨ ਦਾ ਸ਼ਲਾਘਾਯੋਗ ਉਪਰਾਲਾ ਹੋ ਨਿਬੜਿਆ, ਜਿਸ ਦੌਰਾਨ ਵੱਖ ਵੱਖ ਉਮਰ ਵਰਗ ਦੇ ਬੱਚਿਆਂ ਨੇ ਆਪਣੀ ਕਲਾ ਦੇ ਰੰਗ ਵਿਖਾਏ ਤੇ ਇਨਾਮ ਵਜੋਂ ਗਿਫਟ ਕਾਰਡ ਪ੍ਰਾਪਤ ਕੀਤੇ। ਵੱਖ-ਵੱਖ ਵਿਸ਼ਿਆਂ ਪ੍ਰਤੀ ਉਨ੍ਹਾਂ ਦੀ ਜਾਣਕਾਰੀ ਇਹ ਦਰਸਾ ਰਹੀ ਸੀ ਕਿ ਕੁਝ ਸਿੱਖਣ ਤੇ ਨਵਾਂ ਕਰਨ ਲਈ ਉਹ ਦਿਲਚਸਪੀ ਰੱਖਦੇ ਹਨ।

ਭਾਈਚਾਰੇ ਦੇ ਸਾਂਝੇ ਉਦਮ ਨਾਲ ਕਰਵਾਇਆ ਗਿਆ ਇਹ ਤੀਜਾ ਸਾਲਾਨਾ ਮੇਲਾ ਸੀ, ਜੋ ਵਿਸ਼ੇਸ਼ ਤੌਰ 'ਤੇ ਬੱਚਿਆਂ ਵਿੱਚ ਸਿੱਖ ਕਲਾਵਾਂ ਤੇ ਸਭਿਆਚਾਰ ਬਾਰੇ ਜਾਗ੍ਰਿਤੀ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਯਤਨ ਵਜੋਂ ਸੀ। ਬੱਚਿਆਂ ਨੂੰ ਧਰਮ, ਵਿਰਸੇ ਤੇ ਖੇਡਾਂ ਨਾਲ ਜੁੜੀਆਂ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ।

ਮੇਲੇ ਵਿੱਚ ਇੱਕ ਦਰਜਨ ਦੇ ਕਰੀਬ ਸਟੇਸ਼ਨਾਂ ਦਾ ਪ੍ਰਬੰਧ ਕੀਤਾ ਹੋਇਆ ਸੀ, ਜਿਨ੍ਹਾਂ ਉਤੇ ਜਾ ਕੇ ਬੱਚਿਆਂ ਤੋਂ ਇਲਾਵਾ ਵੱਡੇ ਵੀ ਆਪਣੀ ਕਲਾ ਨੂੰ ਨਿਖਾਰ ਰਹੇ ਸਨ। ਜਾਣਕਾਰੀ ਦੇਣ ਦੇ ਮੰਚ ਤਾਂ ਮੁਹੱਈਆ ਸਨ ਹੀ, ਬੱਚਿਆਂ ਨੇ ਖੇਡਾਂ ਦੇ ਨਾਲ ਨਾਲ ਮਸਤੀ ਵੀ ਕੀਤੀ। ਹਾਜ਼ਰ ਲੋਕ ਆਪੋ-ਆਪਣੀ ਦਿਲਚਸਪੀ ਮੁਤਾਬਕ ਮੇਲੇ ਦੇ ਰੰਗ ਵਿੱਚ ਰੰਗੇ ਹੋਏ ਸਨ, ਜਦਕਿ ਵਾਲੰਟੀਅਰ ਮੁਸ਼ਤੈਦੀ ਨਾਲ ਆਪਣੀ ਸੇਵਾ ਵਿੱਚ ਰੁੱਝੇ ਸਨ। ਮੇਲੇ ਵਿੱਚ ਹਾਜ਼ਰ ਬਹੁਤੇ ਮਾਪਿਆਂ ਦੀ ਇਹੋ ਰਾਏ ਸੀ ਕਿ ਅਜਿਹੇ ਮੇਲੇ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਦੀ ਆਪਣੇ ਭਾਈਚਾਰੇ ਦੇ ਬੱਚਿਆਂ ਨਾਲ ਸਾਂਝ ਵੀ ਵਧੇ ਅਤੇ ਆਪਣੇ ਵਿਰਸੇ ਨਾਲ ਉਨ੍ਹਾਂ ਦਾ ਲਗਾਓ ਵੀ ਵਧੇ।


ਗੁਰਮੁਖੀ ਅੱਖਰਕਾਰੀ ਦੇ ਸਟੇਸ਼ਨ ਉਤੇ ਹਾਲ ਹੀ ਵਿੱਚ ਪੰਜਾਬ ਤੋਂ ਆਈ ਸ਼ਬਨਮਜੋਤ ਕੌਰ ਨੇ ਬੱਚਿਆਂ ਨੂੰ ਸੁੰਦਰ ਲਿਖਾਈ ਵਿੱਚ ਗੁਰਮੁਖੀ ਦੇ ਅੱਖਰ ਵਾਹੁਣੇ ਸਿਖਾਏ। ਜਿਨ੍ਹਾਂ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ ਸੀ, ਉਹ ਉਨ੍ਹਾਂ ਨੂੰ ਅੱਖਰਕਾਰੀ ਦਾ ਗਿਆਨ ਵੀ ਦੇ ਰਹੀ ਸੀ। ਉਸ ਵੱਲੋਂ ਸੁੰਦਰ ਲਿਖਾਈ ਵਿੱਚ ਲਿਖੀ ਪੈਂਤੀ ਵੇਖ ਕੇ ਕਈ ਹੈਰਾਨ ਸਨ ਕਿ ਇਹ ਹੱਥ ਲਿਖਤ ਹੈ ਜਾਂ ਕੰਪਿਊਟਰ ਉਤੇ ਟਾਈਪ ਕੀਤੀ ਹੋਈ ਲਿਖਤ ਹੈ! ਸ਼ਬਨਮਜੋਤ ਕੌਰ ਚਿੱਤਰ ਵੀ ਬਣਾਉਂਦੀ ਹੈ, ਜਿਨ੍ਹਾਂ ਨੂੰ ਵੇਖ ਕੇ 'ਵਾਹ!' ਜਾਂ 'ਬਹੁਤ ਖੂਬ' ਵਰਗੇ ਅਲਫਾਜ਼ ਮੂੰਹੋਂ ਨਿਕਲ ਜਾਣੇ ਸੁਭਾਵਿਕ ਹਨ। ਨਾਲ ਦੇ ਸਟੇਸ਼ਨ ਉਤੇ ਗੁਰਮਨਜੀਤ ਕੌਰ ਤੇ ਮਨਕੀਰਤ ਕੌਰ ਪੰਜਾਬੀ ਦੇ ਨਾਂਵਾਂ ਦੀ ਪਛਾਣ ਕਰਵਾ ਰਹੀਆਂ ਸਨ। ਰੰਗਾਂ ਦੇ ਨਾਂ ਪੰਜਾਬੀ ਤੇ ਅੰਗਰੇਜ਼ੀ ਵਿੱਚ ਲਿਖਣ ਅਤੇ ਰੰਗ-ਬਰੰਗੇ ਕੋਨਾਂ ਦੀ ਪਛਾਣ ਕਰ ਕੇ ਉਤੇ ਰਿੰਗ ਸੁੱਟਣੇ, ਵੱਖ-ਵੱਖ ਅਕਾਰਾਂ ਦੀ ਪਛਾਣ ਕਰਵਾਉਣ ਤੋਂ ਇਲਾਵਾ ਬੱਚਿਆਂ ਨੂੰ 'ਪੈਰਾਸ਼ੂਟ ਗੇਮ' ਵੀ ਖਿਡਾਈ ਗਈ। ਛੋਟੇ ਬੱਚਿਆਂ ਦੇ ਖੇਡਣ ਲਈ 'ਬੌਂਸੀ ਕੈਸਲ' ਦਾ ਪ੍ਰਬੰਧ ਵੀ ਸੀ।

ਸਧਾਨਕ ਧਨੋਆ ਅਤੇ ਰੰਗੀ ਪਰਿਵਾਰ ਤੇ ਨਵਜੋਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਖੇਤੀਬਾੜੀ ਸਟੇਸ਼ਨ ਲਾਇਆ ਗਿਆ ਸੀ, ਜਿਸ ਵਿੱਚ ਪੁਰਾਣੇ ਪੰਜਾਬ ਦੇ ਪਿੰਡਾਂ ਦਾ ਦ੍ਰਿਸ਼ ਪੇਸ਼ ਕੀਤੀ ਗਿਆ ਸੀ। ਖੇਤੀਬਾੜੀ ਦੇ ਸੰਦਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਸੀ। ਖਿਡੌਣਾ ਬਲਦਾਂ, ਦੁਧਾਰੂ ਪਸ਼ੂਆਂ ਅਤੇ ਛੋਟੇ-ਛੋਟੇ ਟਰੈਕਟਰ-ਟਰਾਲੀ ਰਾਹੀਂ ਬੱਚਿਆਂ ਨੂੰ ਪੇਂਡੂ ਜਨਜੀਵਨ ਤੇ ਖੇਤੀਬਾੜੀ ਸਬੰਧੀ ਦੱਸਿਆ ਜਾ ਰਿਹਾ ਸੀ। ਇਸ ਤੋਂ ਇਲਾਵਾ ਇੱਕ ਨਕਸ਼ੇ ਉਤੇ ਛਪੇ ਪੰਜ ਦਰਿਆਵਾਂ ਬਾਰੇ ਦਰਸ਼ਕਾਂ ਤੋਂ ਨਾਂ ਪੁੱਛੇ ਜਾ ਰਹੇ ਸਨ। ਬੱਚਿਆਂ, ਨੌਜਵਾਨਾਂ ਤੋਂ ਇਲਾਵਾ ਕਈ ਵਡੇਰੀ ਉਮਰ ਦੇ ਲੋਕ ਵੀ ਸਹੀ ਨਾਂ ਦੱਸਣ ਤੋਂ ਅਸਮਰੱਥ ਰਹੇ, ਜਦਕਿ ਕਈ ਮੇਲੀਆਂ ਨੇ ਸਹੀ ਨਾਂ ਦੱਸ ਕੇ ਇਨਾਮ ਵਿੱਚ 'ਚਾਕਲੇਟ' ਪ੍ਰਾਪਤ ਕੀਤੀ।

ਪੰਜਾਬੀ ਮਸਾਲਿਆਂ ਦੇ ਛੋਟੇ-ਛੋਟੇ ਪੈਕਟ ਵੀ ਵੱਖ-ਵੱਖ ਖਾਨਿਆਂ ਵਿੱਚ ਰੱਖੇ ਹੋਏ ਸਨ ਤੇ ਸਹੀ ਨਾਂਵਾਂ ਵਾਲੀਆਂ ਪਰਚੀਆਂ ਉਨ੍ਹਾਂ ਮਸਾਲਿਆਂ ਦੇ ਸਾਹਮਣੇ ਰੱਖਣ ਲਈ ਆਖਿਆ ਜਾ ਰਿਹਾ ਸੀ। ਕਲੌਂਜੀ, ਰਾਈ,

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ












# ਗੁਰਦੁਆਰਾ ਪੈਲਾਟਾਈਨ ਦੇ 'ਸਿੱਖ ਕਲਾ ਅਤੇ ਸਭਿਆਚਾਰ ਮੇਲੇ' ਵਿੱਚ ਲੱਗੀਆਂ ਰੌਣਕਾਂ

ਗੂੰਦਾਂ ਆਦਿ ਦੀ ਕਈਆਂ ਤੋਂ ਪਛਾਣ ਹੀ ਨਾ ਹੋਈ। ਨਾਲ ਦੇ ਟੇਬਲ 'ਤੇ ਜਸਪ੍ਰੀਤ ਕੌਰ ਗਿੱਲ ਦਾਲਾਂ ਤੇ ਬੀਜਾਂ ਦੀ ਪਛਾਣ ਪੁੱਛ-ਦੱਸ ਰਹੇ ਸਨ।

ਚਿੱਤਰਕਾਰੀ ਵਾਲੇ ਸਟੇਸ਼ਨ ਉਤੇ ਪੰਜਾਹ ਦੇ ਕਰੀਬ ਬੱਚਿਆਂ ਤੇ ਵੱਡਿਆਂ ਨੇ ਕੈਨਵਸ ਉਤੇ ਚਿੱਤਰ ਬਣਾਏ। 'ਮੂਨ ਲਾਈਟ ਐਂਡ ਟਰੀ' ਪੇਂਟਿੰਗ ਦੇ ਛੇ ਸੈਸ਼ਨ ਹੋਏ, ਜਿਸ ਦੌਰਾਨ ਬੀਬੀ ਪਾਇਲ ਨੇ ਬੱਚਿਆਂ ਨੂੰ ਚਿੱਤਰਕਾਰੀ ਕਰਨ ਦਾ ਢੰਗ ਅਤੇ ਇਸ ਵਿੱਚ ਨਿਖਾਰ ਲਿਆਉਣ ਦੀ ਵਿਧੀ ਵੀ ਦੱਸੀ। ਆਪਣੇ ਹੱਥੀਂ ਬਣਾਈ ਪੇਂਟਿੰਗ ਇਨਾਮ ਵਿੱਚ ਮਿਲਣ ਕਾਰਨ ਬੱਚੇ ਖੁਸ਼ ਸਨ। ਇਸ ਮੌਕੇ ਚਿੱਤਰਕਾਰੀ ਦੇ ਕੁੱਝ ਨਮੂਨੇ ਵੇਚਣ ਲਈ ਵੀ ਰੱਖੇ ਹੋਏ ਸਨ।

ਰਜਿਸਟਰੇਸ਼ਨ ਸਟੇਸ਼ਨ ਤੋਂ ਕਾਰਡ ਲੈ ਕੇ ਬੱਚੇ ਵੱਖ-ਵੱਖ ਸਟੇਸ਼ਨਾਂ 'ਤੇ ਜਾਂਦੇ ਅਤੇ ਜਾਣਕਾਰੀ ਪ੍ਰਾਪਤ ਕਰ ਕੇ ਅਗਲੇ ਪੜਾਅ ਵੱਲ ਨੂੰ ਵਧਦੇ। ਇਸ ਸਟੇਸ਼ਨ 'ਤੇ ਸਿੰਮੀ ਚਾਵਲਾ, ਪ੍ਰੀਤੀ ਤੇ ਗੁਰਦੀਪ ਵਿਰਕ ਜ਼ਿੰਮੇਵਾਰੀ ਨਿਭਾਅ ਰਹੇ ਸਨ। ਤੀਰ ਅੰਦਾਜ਼ੀ ਦੇ ਸਟੇਸ਼ਨ 'ਤੇ ਪੰਜਾਹ ਤੋਂ ਵੱਧ ਬੱਚਿਆਂ ਤੇ ਵੱਡਿਆਂ ਨੇ ਨਿਸ਼ਾਨੇਬਾਜ਼ੀ ਦੇ ਗੁਰ ਸਿੱਖੇ। ਤਿੱਖੀ ਧੁੱਪ ਵਿੱਚ ਖੜ੍ਹੇ ਬਲਬੀਰ ਸਿੰਘ ਨਿਸ਼ਾਨਾ ਸਾਧਣ ਦੀ ਵਿਧੀ ਦੱਸ ਰਹੇ ਸਨ। ਬੱਚਾ ਪ੍ਰਤਾਪ ਸਿੰਘ ਵੀ ਇਸ ਮੌਕੇ ਪੂਰਾ ਸਹਿਯੋਗ ਦੇ ਰਿਹਾ ਸੀ।

ਗਤਕਾ ਦਲ ਦੇ ਸਿੰਘ ਤੇ ਬੱਚੇ ਅਰਦਾਸ ਕਰਨ ਉਪਰੰਤ ਗਤਕੇ ਦੇ ਜੌਹਰ ਦਿਖਾਉਣ ਲੱਗ ਪਏ। ਇਸ ਦੌਰਾਨ ਗਤਕਾ ਖੇਡਦਾ ਨੌਜਵਾਨ ਭਵਨਜੀਤ ਸਿੰਘ ਮਾਮੂਲੀ ਜਖਮੀ ਹੋ ਗਿਆ ਤਾਂ ਮੁਢਲੀ ਡਾਕਟਰੀ ਸਹਾਇਤਾ ਦਿੱਤੀ ਗਈ। ਨੌਜਵਾਨਾਂ ਲਈ ਲੱਗੇ ਰਿਸਰਚ ਸਟੇਸ਼ਨ ਉਤੇ ਕਰੀਅਰ, ਸਿੱਖਿਆ ਮੁਤਾਬਕ ਜਾਬ ਲੱਭਣ ਆਦਿ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਸੀ। 'ਸਿੱਖਸ ਇਨ ਕਲਿਨਿਕਲ ਰਿਸਰਚ' ਦੇ ਸਟੇਸ਼ਨ 'ਤੇ ਏਕਤਾ ਗਰੇਵਾਲ ਤੇ ਟੀਮ ਵਲੋਂ ਕਲਿਨਿਕਲ ਖੋਜ ਤੇ ਕਰੀਅਰ ਬਾਰੇ ਜਾਣਕਾਰੀ ਦਿੱਤੀ ਗਈ। ਡਾਕਟਰੀ ਸਹਾਇਤਾ ਦੇ ਸਟੇਸ਼ਨ ਉਤੇ ਡਾ. ਜਸਵਿੰਦਰ ਸਿੰਘ ਚਾਵਲਾ ਆਪਣੀ ਟੀਮ ਨਾਲ ਤਾਇਨਾਤ ਸਨ।

ਮਨਮੀਤ ਸਿੰਘ ਤੇ ਮਨਵੀਰ ਸਿੰਘ ਨੇ ਦਸਤਾਰਾਂ ਬੰਨਣੀਆਂ ਸਿਖਾਈਆਂ। ਕੁਝ ਸੱਜਣ ਸਿਰ ਉਤੇ ਦਸਤਾਰ ਸਜਾਉਣ ਉਪਰੰਤ ਕੋਲ ਖੜ੍ਹਿਆਂ ਨੂੰ ਪੁੱਛ ਰਹੇ ਸਨ, "ਕਿਸ ਤਰ੍ਹਾਂ ਦੀ ਬੰਨ੍ਹੀ ਗਈ?" ਤੇ ਫਿਰ ਸ਼ੀਸ਼ਾ ਵੇਖ ਕੇ ਖੁਸ਼ ਹੋ ਜਾਂਦੇ। ਇਸ ਸਟੇਸ਼ਨ ਉਤੇ ਦਸਤਾਰ ਸਬੰਧੀ 'ਸਵਾਲ-ਜਵਾਬ' ਦਾ ਇੱਕ ਫਾਰਮ ਵੀ ਰੱਖਿਆ ਗਿਆ ਸੀ, ਜਿਸ ਵਿੱਚ ਪੰਜ ਸਵਾਲ ਲਿਖੇ ਹੋਏ ਸਨ।

'ਖਾਲਸਾ ਏਡ' ਸਟੇਸ਼ਨ 'ਤੇ ਸਟੀਵੀ ਕੌਰ ਪੰਜ ਕੱਕਾਰਾਂ ਬਾਰੇ ਜਾਣਕਾਰੀ ਦੇ ਰਹੇ ਸਨ ਅਤੇ ਇਨ੍ਹਾਂ ਦੀ ਪਛਾਣ ਕਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇੱਕ ਹੋਰ ਸਟੇਸ਼ਨ ਤੋਂ ਸਲਾਈਡ ਸ਼ੋਅ ਰਾਹੀਂ ਸਿਮਰਿਤ ਕੌਰ ਮਹਾਨ ਸਿੱਖ ਬੀਬੀਆਂ- ਮਾਈ ਭਾਗੋ, ਮਾਤਾ ਸਾਹਿਬ ਕੌਰ, ਬੀਬੀ ਅਮਰੋ ਜੀ, ਮਾਤਾ ਗੁਜਰੀ ਜੀ, ਮਾਤਾ ਕੌਲਾਂ ਜੀ ਸਮੇਤ ਹੋਰ ਬੀਬੀਆਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰ ਰਹੀ ਸੀ। ਜੈਕਾਰਾ ਸਟੇਸ਼ਨ 'ਤੇ ਜੈਕਾਰਾ ਗਜਾਉਣ ਦਾ ਅਭਿਆਸ ਕਰਵਾਇਆ ਗਿਆ।

ਕਾਰ ਸੇਵਾ ਜਥੇ ਨੇ ਵੀ 'ਕਰਤਾਰ ਗੱਡਾ' ਪ੍ਰਦਰਸ਼ਿਤ ਕੀਤਾ ਹੋਇਆ ਸੀ। ਜਥੇ ਦੇ ਮੋਢੀ ਸਤਨਾਮ ਸਿੰਘ ਔਲਖ ਤੇ ਓਂਕਾਰ ਸਿੰਘ ਢਿੱਲੋਂ ਸਮੇਤ ਹੋਰ ਸੱਜਣ ਇਸ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਸਨ। ਪਿਛਲੇ ਸਾਲ ਕਾਰ ਸੇਵਾ ਜਥੇ ਨੇ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣ ਅਤੇ ਰੁੱਖਾਂ ਦੀ ਮਹੱਤਤਾ ਬਾਰੇ ਅਹਿਮ ਜਾਣਕਾਰੀ ਦਿੱਤੀ ਸੀ।

ਇਸ ਤੋਂ ਇਲਾਵਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕਾਰ ਸੇਵਾ ਜਥੇ ਵਿਚਾਲੇ ਹੋਇਆ ਰੱਸਾਕਸ਼ੀ ਦਾ ਮੁਕਾਬਲਾ ਵੀ ਦਿਲਚਸਪ ਰਿਹਾ, ਜਿਸ ਵਿੱਚ ਕਾਰ ਸੇਵਾ ਵਾਲੇ ਜੇਤੂ ਰਹੇ। ਇਸ ਮੌਕੇ ਇੱਕ ਸੱਜਣ ਦੀ ਮਜਾਹੀਆ ਟਿੱਪਣੀ ਸੀ, "ਇੱਥੋਂ ਪਤਾ ਲੱਗਦਾ ਕਿ ਕਿਹੜੇ ਹੱਥੀਂ ਸੇਵਾ ਕਰਦੇ ਹਨ ਤੇ ਕਿਹੜੇ ਕੁਰਸੀਆਂ ਉਤੇ ਬੈਠ ਕੇ 'ਸੇਵਾ' ਕਰਦੇ ਹਨ!" ਬੱਚਿਆਂ ਤੇ ਨੌਜਵਾਨਾਂ ਨੇ ਵੀ ਰੱਸਾਕਸ਼ੀ ਮੁਕਾਬਲੇ ਵਿੱਚ ਜ਼ੋਰ-ਅਜ਼ਮਾਈ ਕੀਤੀ। ਇਹ ਮੁਕਾਬਲੇ ਮਨਪਰਚਾਵੇ ਲਈ ਸਨ, ਜਿੱਤ-ਹਾਰ ਦਾ ਭਾਵ ਨੇੜੇ-ਤੇੜੇ ਵੀ ਨਹੀਂ ਸੀ। ਦੌੜਾਂ ਵੀ ਕਰਵਾਈਆਂ ਗਈਆਂ ਤੇ ਜੇਤੂਆਂ ਨੂੰ ਗਿਫਟ ਕਾਰਡ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਦੀ ਦੇਖ-ਰੇਖ ਗੁਰਮੁਖ ਸਿੰਘ ਭੁੱਲਰ ਅਤੇ ਹੋਰ ਸੱਜਣ ਸਾਂਝੇ ਤੌਰ 'ਤੇ ਕਰ ਰਹੇ ਸਨ।

ਮੇਲੀਆਂ ਲਈ ਪੀਜ਼ਾ, ਛੋਲੇ-ਭਠੂਰੇ-ਚੌਲ, ਛਬੀਲ, ਆਈਸ ਕਰੀਮ, ਮਲਾਈ ਕੁਲਫੀਆਂ, ਚਿਪਸ, ਕੈਂਡੀਆਂ, ਆਦਿ ਖਾਣ-ਪਦਾਰਥ ਹਾਜ਼ਰ ਸਨ। ਗੋਲ-ਗੱਪੇ, ਵੱਖ-ਵੱਖ ਤਰ੍ਹਾਂ ਦਾ ਜੂਸ ਤੇ ਹੋਰ ਬੜਾ ਕੁਝ ਵੀ ਪੇਸ਼ ਸੀ। ਫੂਡ ਸਟਾਲ ਦਾ ਪ੍ਰਬੰਧ ਗਗਨ ਮੁਲਤਾਨੀ ਸਮੇਤ ਸੰਗਤ ਦੇ ਹੋਰ ਮੈਂਬਰਾਂ ਵਲੋਂ ਕੀਤਾ ਗਿਆ ਸੀ। ਗੋਲ-ਗੱਪਿਆਂ ਦੇ ਡੱਬੇ ਤੇ ਖੱਟੇ-ਮਿੱਠੇ ਪਾਣੀ ਦੀਆਂ ਬੋਤਲਾਂ ਵਾਧੂ ਬਚ ਗਏ ਸਨ, ਜੋ ਮੇਲੇ ਦੇ ਅਖੀਰ ਵਿੱਚ ਲੋਕਾਂ ਦੇ ਘਰ ਲਿਜਾਣ ਲਈ ਵੰਡ ਦਿੱਤੇ ਗਏ।

ਮੇਲੇ ਦੀ ਇੱਕ ਪ੍ਰਬੰਧਕ ਬੀਬੀ ਸਲਵਿੰਦਰ ਕੌਰ ਸੰਧੂ ਨੇ ਕਿਹਾ ਕਿ ਭਾਈਚਾਰੇ ਦੇ ਲੋਕਾਂ ਨੂੰ ਅਜਿਹੇ ਮੇਲਿਆਂ ਵਿੱਚ ਬੱਚਿਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਕਿਉਂਕਿ ਇਸ ਮੌਕੇ ਉਨ੍ਹਾਂ ਅੰਦਰ ਛੁਪੇ ਗੁਣ ਨਿਖਰ ਕੇ ਬਾਹਰ ਆਉਂਦੇ ਹਨ। ਉਨ੍ਹਾਂ ਮੇਲੇ ਸਬੰਧੀ ਸਹਿਯੋਗ ਲਈ ਸਮੂਹ ਗੁਰਦੁਆਰਾ ਪ੍ਰਬੰਧਕਾਂ, ਵਾਲੰਟੀਅਰਾਂ, ਕਾਰ ਸੇਵਾ ਜਥੇ ਅਤੇ ਭਾਈਚਾਰੇ ਦਾ ਧੰਨਵਾਦ ਕੀਤਾ ਹੈ। ਇੰਦਰਮੋਹਨ ਸਿੰਘ ਛਾਬੜਾ ਮੇਲੇ ਦੀਆਂ ਗਤੀਵਿਧੀਆਂ ਉਤੇ ਕੈਮਰੇ ਦੀ ਅੱਖ ਰੱਖ ਰਹੇ ਸਨ। ਕੁਝ ਲੋਕ ਮੇਲੇ ਵਿੱਚ ਦਸਤਾਰ ਸਜਾ ਕੇ ਮੁਸ਼ਤੈਦ ਪੁਲਿਸ ਮੁਲਾਜ਼ਮ ਨਾਲ ਤਸਵੀਰਾਂ ਖਿਚਵਾ ਰਹੇ ਸਨ।

**ਤਸਵੀਰਾਂ: ਇੰਦਰਮੋਹਨ ਸਿੰਘ ਛਾਬੜਾ ਅਤੇ 'ਪੰਜਾਬੀ ਪਰਵਾਜ਼'**



















## ਹੜ੍ਹ ਦੀਆਂ ਪੈੜਾਂ...

# ਖ਼ੌਰੇ ਤੂੰ ਕਦ ਖੋਲ੍ਹੇਂਗਾ ਬੂਹਾ ਵੇ ਖ਼ੈਰਾਂ ਦਾ !

ਚੰਦਰਪਾਲ ਅੱਤਰੀ, ਲਾਲੜੂ
ਫੋਨ:+91-7889111988



ਮਸ਼ਹੂਰ ਗਾਇਕ ਸੱਜਣ ਅਦੀਬ ਦੇ ਗੀਤ 'ਇਸ਼ਕਾਂ ਦੇ ਲੇਖੇ' ਵਿਚਲਾ ਇੱਕ ਮੁਖੜਾ ਅੱਜ ਕੱਲ੍ਹ ਘੱਗਰ ਪੀੜਤ ਲੋਕਾਂ ਦੇ ਦਬੇ ਹੋਏ ਜਜ਼ਬਾਤ ਨੂੰ ਬਾਖ਼ੂਬੀ ਪੇਸ਼ ਕਰਦਾ ਹੈ। ਗੀਤ ਦੇ ਇਸ ਮੁਖੜੇ ਵਿੱਚ ਗਾਇਕ ਕਹਿੰਦਾ ਹੈ, "ਖ਼ੌਰੇ ਤੂੰ ਕਦ ਖੋਲ੍ਹੇਂਗਾ ਬੂਹਾ ਵੇ ਖ਼ੈਰਾਂ ਦਾ, ਆਉਂਦਾ ਮੈਨੂੰ ਰੋਜ਼ ਸੁਨੇਹਾ ਸੱਜਣਾਂ ਤੇਰੇ ਪੈਰਾਂ ਦਾ।"

ਕੁੱਝ ਲੋਕਾਂ ਨੂੰ ਗੀਤ ਦੇ ਇਹ ਬੋਲ ਰੁਮਾਂਟਿਕ ਲੱਗ ਸਕਦੇ ਹਨ, ਪਰ ਇਹ ਸ਼ਬਦ ਘੱਗਰ ਵੱਲੋਂ ਉਥਲ-ਪੁਥਲ ਕਰ ਦਿੱਤੇ ਗਏ ਖੇਤਾਂ ਦੇ ਮਾਲਕਾਂ ਤੇ ਇੱਕ ਕਮਰੇ ਵਿੱਚ ਇੱਕ ਕੰਬਲ ਨਾਲ ਆਪਣੇ ਪੂਰੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਮਜ਼ਦੂਰਾਂ ਦੇ ਦਿਲ ਵਿੱਚ ਪਏ ਪਾੜ ਨੂੰ ਪੂਰਨ ਹਿੱਤ ਫੌਰੀ ਸਰਕਾਰੀ ਰਾਹਤ ਲਈ ਹਾਕਮਾਂ ਨੂੰ ਸੱਦ ਵੀ ਪਾਉਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਘੱਗਰ ਦੇ ਬੰਨ੍ਹ ਵਿੱਚ ਪਏ ਪਾੜ ਨੂੰ ਪੂਰੇ ਜਾਣ ਦੇ ਨਾਲ-ਨਾਲ ਉਥਲ-ਪੁਥਲ ਹੋਈਆਂ ਜ਼ਮੀਨਾਂ ਦੇਰ-ਸਵੇਰ ਠੀਕ ਹੋ ਜਾਣਗੀਆਂ, ਪਰ ਇਸ ਸਮੇਂ ਦੌਰਾਨ ਲੱਗੇ ਮਾਨਸਿਕ ਫੱਟ ਪੀੜਤ ਲੋਕਾਂ ਨੂੰ ਬਹੁਤ ਦੇਰ ਤੱਕ ਰੁਆਉਣਗੇ।

ਅਸਲ ਵਿੱਚ ਲਾਲੜੂ ਖੇਤਰ ਨੇੜਲੇ ਘੱਗਰ ਦਰਿਆ 'ਚ ਪਏ ਪਾੜ ਨੇ ਇਸ ਖੇਤਰ ਦੇ ਸੱਤ ਪਿੰਡਾਂ ਵਿੱਚ ਖ਼ੌਫ਼ਨਾਕ ਤਬਾਹੀ ਮਚਾਈ ਹੈ, ਜਦਕਿ ਡੇਰਾਬੱਸੀ ਤੇ ਬਨੂੜ-ਰਾਜਪੁਰਾ ਦੇ ਦਰਿਆ ਨੇੜਲੇ ਖੇਤਰ 'ਚ ਵੀ ਵੱਡਾ ਨੁਕਸਾਨ ਹੋਇਆ। ਇਸ ਉਪਰੰਤ ਹੁਣ ਹਰ ਹਫਤੇ ਆਉਂਦਾ ਬਰਸਾਤੀ ਪਾਣੀ ਘੱਗਰ ਦਰਿਆ ਨੇੜਲੇ ਲੋਕਾਂ ਨੂੰ ਧੜਕੂ ਲਾ ਦਿੰਦਾ ਹੈ। ਕਿਸੇ ਵੇਲੇ ਘੱਗਰ ਨੂੰ ਵਰਦਾਨ ਸਮਝਦੇ ਇਹ ਲੋਕ ਇਸ ਤਬਾਹੀ ਵਿੱਚ ਆਪਣਾ ਸਭ



ਕੁੱਝ ਗੰਵਾ ਬੈਠੇ। ਕਿਸੇ ਦੇ ਘਰ ਪਾਣੀ ਸੀ ਤੇ ਕਿਸੇ ਦਾ ਖੇਤ ਹੀ ਪਾਣੀ ਵਿੱਚ ਸੀ। ਕਿਸਾਨਾਂ ਦਾ ਜਿੱਥੇ ਜ਼ਮੀਨੀ ਨੁਕਸਾਨ ਸੀ, ਉੱਥੇ ਪਿੰਡ ਦੇ ਬਾਹਰ ਫਿਰਨੀ ਉਤੇ ਰਹਿੰਦਾ ਮਜ਼ਦੂਰ ਆਪਣੀ ਹੋਣੀ ਤੋਂ ਹੀ ਮੁਨਕਰ ਸੀ। ਕੁਦਰਤ ਦੇ ਨਾਲ-ਨਾਲ ਰੱਬਨੁਮਾ ਅਖੌਤੀ ਆਗੂਆਂ ਵੱਲੋਂ ਲਿਆਂਦੀ ਆਪਦਾ ਉਪਰੰਤ ਇਨ੍ਹਾਂ ਪਿੰਡਾਂ ਵਿੱਚ ਘੱਗਰ ਵਾਂਗ ਆਗੂਆਂ ਦਾ ਹੜ੍ਹ ਸੀ। ਗੱਡੀਆਂ ਘੂਕ ਰਹੀਆਂ ਸਨ। ਜ਼ਿਲ੍ਹੇ ਦੇ ਸਿਆਸੀ ਤੇ ਪ੍ਰਸ਼ਾਸਨਿਕ ਵਾਰਸਾਂ ਤੋਂ ਇਲਾਵਾ ਸੂਬੇ ਦੇ ਵਾਰਸ ਵੀ ਲੋਕਾਂ ਨੂੰ ਵਾਹਣੀ ਪਾ ਰਹੇ ਸਨ।

ਪੰਜਾਬ ਦਾ ਇੱਕ ਸਭ ਤੋਂ ਛੋਟਾ ਦਰਿਆ, ਜੋ ਸਭ ਤੋਂ ਵੱਧ ਤਬਾਹੀ ਕਰਦਾ ਹੈ, ਬਾਰੇ ਸਭ ਬਿਆਨ ਦਾਗ ਰਹੇ ਸਨ। ਮਹਿਲਾਂ ਵਾਲੇ ਵੀ ਇਸੇ ਹਲਕੇ ਤੋਂ ਹਨ ਅਤੇ ਇੱਕ ਛੋਟੇ ਘਰ ਵਿੱਚ ਰਹਿਣ ਵਾਲੇ ਪੰਥਕ ਆਗੂ ਤੇ ਉਨ੍ਹਾਂ ਦੇ ਸ਼ਾਗਿਰਦ ਵੀ ਇੱਥੋਂ ਦੇ ਹੀ ਹਨ; ਪਰ ਵੱਡੀਆਂ ਸਰਕਾਰਾਂ ਦਾ ਰਾਹ ਰੋਕਣ ਵਾਲੇ ਇਹ ਆਗੂ ਕਦੇ ਘੱਗਰ ਨੂੰ ਸਿੱਧੇ ਰਾਹ ਨਾ ਪਾ ਸਕੇ। ਚੋਣਾਂ ਦੌਰਾਨ ਕਰੋੜਾਂ ਰੁਪਏ ਖਰਚਣ ਵਾਲੇ ਅਤੇ ਹੁਣ ਬਿਆਨ ਉਤੇ ਬਿਆਨ ਦਾਗਣ ਵਾਲੇ ਇਹ ਆਗੂ ਇਸ ਖੇਤਰ ਦੇ ਲੋਕਾਂ ਦੀ ਆਟੇ ਵਿੱਚ ਲੂਣ ਵਾਲੀ ਮਦਦ ਵੀ ਨਾ ਕਰ ਸਕੇ। ਸਿਤਮਜ਼ਰੀਫੀ ਇਹ ਹੈ ਕਿ ਬਦਲਾਅ ਵਾਲੀ ਸਰਕਾਰ ਦਾ ਮੁੱਖੀ ਵੀ ਖੁਦ ਇਸ ਘੱਗਰ ਦੇ ਪਾੜਾਂ ਨੂੰ ਲੰਮੇ ਸਮੇਂ ਤੋਂ ਵੇਖ ਰਿਹਾ ਹੈ ਤੇ ਉਸ ਦੇ ਆਪਣੇ ਜੱਦੀ ਲੋਕ ਸਭਾ ਖੇਤਰ ਵਿੱਚ ਘੱਗਰ ਬੇਤਹਾਸ਼ਾ ਤਬਾਹੀ ਮਚਾਉਂਦਾ ਰਿਹਾ ਹੈ। ਹਾਲਾਂਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਏ ਲੋਕਾਂ ਨੇ ਹੜ੍ਹਾਂ ਦੇ ਸ਼ੁਰੂਆਤੀ ਦੌਰ ਵਿੱਚ ਪੂਰੀ ਸਪੀਡ ਫੜੀ। ਦੌਰੇ ਉਤੇ ਦੌਰਾ ਸੀ। ਰੇਗਿਸਤਾਨ ਬਣ ਚੁਕੇ ਖੇਤਾਂ ਬਾਰੇ ਉਨ੍ਹਾਂ ਪੂਰੀ ਸਿਆਸੀ ਚਾਂਦਮਾਰੀ ਕੀਤੀ, ਪਰ ਇਸ ਜਰਖੇਜ਼ ਧਰਤੀ ਦੇ ਰੇਗਿਸਤਾਨ ਬਣਨ ਬਾਰੇ ਪੂਰੀ ਤਰ੍ਹਾਂ ਸਪੱਸ਼ਟ ਹੋਣ ਉਪਰੰਤ ਵੀ ਉਹ ਇੱਥੇ ਮਦਦ ਦੀ ਓਨੀ ਸਰਕਾਰੀ ਮੁੱਠ ਵੀ ਨਾ ਕਿਰਵਾ ਸਕੇ, ਜਿੰਨੀ ਇੱਥੋਂ ਦੇ ਕਿਸਾਨ ਆਪਣੀ ਤਬਾਹ ਹੋਈ ਫਸਲ ਵਿੱਚ ਦੋ ਵਾਰ ਯੂਰੀਏ ਖਾਦ ਵਜੋਂ ਕੇਰ ਚੁੱਕੇ ਹਨ।

ਕਿਸਾਨ ਜਿੱਥੇ ਆਪਣੇ ਪਸ਼ੂਆਂ ਲਈ ਹਰੇ ਚਾਰੇ ਤੋਂ ਵਾਂਝੇ ਹੋ ਗਏ, ਉੱਥੇ ਹੀ ਕੁੱਝ ਲੋਕਾਂ ਕੋਲ ਤਾਂ ਖਾਣ ਨੂੰ ਵੀ ਕੁੱਝ ਨਹੀਂ ਬਚਿਆ। ਹੁਕਮਰਾਨ ਅਜੇ ਨੁਕਸਾਨ ਦਾ ਅੰਦਾਜ਼ਾ ਲਾ ਰਹੇ ਹਨ। ਅੰਦਾਜ਼ਾ ਕੈਬਨਿਟ ਵਿੱਚ ਜਾਵੇਗਾ ਤੇ ਫਿਰ ਇਸ ਅੰਦਾਜ਼ੇ ਨੂੰ ਸਿਆਸੀ ਤਰਾਜੂ ਵਿੱਚ ਤੋਲਿਆ ਜਾਵੇਗਾ। ਅੰਤ ਵਿੱਚ ਇਹ ਨੁਕਸਾਨ ਵਾਲੀਆਂ ਭਾਵਨਾਵਾਂ ਕਾਨੂੰਨ ਦੇ ਅੰਨ੍ਹੇ ਅਮਲ ਜਾਂ ਕਹਿ ਲਓ ਸਰਕਾਰੀ ਫਾਇਲਾਂ ਹੇਠ ਦੱਬ ਜਾਣਗੀਆਂ। ਹੋ ਸਕਦਾ ਹੈ ਕਿ ਕੁੱਝ ਕੁ ਲੋਕਾਂ ਨੂੰ ਵਰਾਉਣ ਲਈ ਚੈੱਕ ਵੀ ਦਿੱਤੇ ਜਾਣ, ਪਰ ਇਹ ਚੈੱਕ ਵੰਡਣ ਲਈ ਕੀਤੇ ਇਕੱਠ ਵਿੱਚ ਸ਼ਾਇਦ ਚੈੱਕ ਵਾਲੀ ਰਕਮ ਤੋਂ ਵੱਧ ਦੇ ਚਾਹ ਪਕੌੜੇ ਹੀ ਨਾ ਵਰਤਾਅ ਦਿੱਤੇ ਜਾਣ। ਇਸ ਤੋਂ ਪਹਿਲਾਂ ਮੁਆਵਜ਼ੇ ਦੇ ਚੈੱਕਾਂ ਦੀ ਰਾਸ਼ੀ ਲੋਕਾਂ ਨੂੰ ਆਪਣੇ ਨੁਕਸਾਨ ਤੋਂ ਵੀ ਵੱਧ ਦਰਦ ਦਿੰਦੀ ਰਹੀ ਹੈ। ਇਸ ਸਾਰੇ ਅਮਲ ਦੌਰਾਨ ਘੱਗਰ ਉੱਥੇ ਹੀ ਰਹੇਗਾ। ਬੰਨ੍ਹ ਦੀ ਹਾਲਤ ਓਹੀ ਰਹੇਗੀ। ਅਗਲੇ ਵਾਰ ਫਿਰ ਇਹੀ ਹੋਵੇਗਾ। ਇਹ ਸਮੇਂ ਦਾ ਚੱਕਰ ਚਲਦਾ ਰਹੇਗਾ। ਸਿਆਸਤਦਾਨ ਬਦਲ ਜਾਣਗੇ। ਲੋਕ ਵੀ ਕੁੱਝ ਕੁ ਗੱਲਾਂ ਭੁੱਲ ਜਾਣਗੇ, ਪਰ ਸਾਡੇ ਲਈ ਭੁੱਲਣਾ ਆਸਾਨ ਨਹੀਂ ਹੋਵੇਗਾ। ਅਸੀਂ ਫਿਰ ਸੱਜਣ ਅਦੀਬ ਦੇ ਗੀਤ ਦੇ ਦੂਜੇ ਬੋਲਾਂ ਨੂੰ ਗੁਣਗਣਾਉਂਦੇ ਰਹਾਂਗੇ, "ਕਾਲੇ ਤੇਰੇ ਦਿਲ ਦਾ ਕਿੱਸਾ ਦੱਸੀਏ ਵੇ ਸੱਜਣਾਂ ਕੀਹਨੂੰ, ਕਿੱਦਾਂ ਕੋਈ ਭੁੱਲ ਸਕਦਾ ਹੈ ਕਿੱਕਰਾਂ ਉਤੇ ਵਰ੍ਹਦੇ ਮੀਂਹ ਨੂੰ।" ਉਮੀਦ ਕਰਦੇ ਹਾਂ ਕਿ ਸਾਡੇ ਲੋਕਾਂ ਦੇ ਇਸ ਦਰਦ ਨੂੰ ਸਮੇਂ-ਸਮੇਂ 'ਤੇ ਗੱਦੀਨਸ਼ੀਨ ਰਹੇ ਤੇ ਹੁਣ ਹੁਕਮਰਾਨ ਵਜੋਂ ਵਿਚਰ ਰਹੇ ਆਗੂ ਜ਼ਰੂਰ ਸੁਨਣਗੇ!

---

## ਮਨ ਨੂੰ ਮਿਲਦਿਆਂ

*-ਡਾ. ਗੁਰਬਖਸ਼ ਸਿੰਘ ਭੰਡਾਲ*

ਠਹਿਰ ਮਨਾਂ ਵੇ ਕਾਹਲਿਆ
ਕਿੰਨੇ ਕੁ ਰਹਿ'ਗੇ ਸਾਹ,
ਰੱਜ ਜੀਵਨ ਨੂੰ ਮਾਣ ਲੈ
ਕੱਲ ਦਾ ਕੀ ਵਸਾਹ?

ਸੋਚ ਮਨਾਂ ਵੇ ਭੋਲਿਆ
ਕੀਤੀ ਕੀ ਕਮਾਈ,
ਕੀ ਕੁਝ ਹਾਸਲ ਹੋ ਗਿਆ
ਕਿਹੜੀ ਰੁੱਤ ਗਵਾਈ?

ਜਾਗ ਮਨਾਂ ਵੇ ਸੁੱਤਿਆ
ਦੇਖ ਰੂਹਾਂ ਦੇ ਰੰਗ,
ਕਰ ਲੈ ਜੀਵਨ ਸਫ਼ਲਾ
ਮੁੱਖ ਤੋਂ ਲਾਹ ਕੇ ਸੰਗ।

ਪੜ੍ਹ ਮਨਾਂ ਜ਼ਰਾ ਖੋਲ੍ਹ ਕੇ
ਜੀਵਨ-ਰੱਤੀ ਕਿਤਾਬ,
ਧਰਨੇ ਦੇਖੀਂ ਸ਼ਬਦਾਂ
ਤੇਰੇ ਨੈਣੀਂ ਖ਼ਾਬ।

ਸਮਝ ਮਨਾਂ ਵੇ ਕਮਲਿਆ
ਦੁਨੀਆਂ ਕੂੜ-ਕੁਸੱਤ,
ਵਿਰਲਿਆਂ ਤੈਨੂੰ ਅਰਪਣਾ
ਸੁਖਨ, ਸੁਹਜ, ਸੁਮੱਤ।

ਮੰਨ ਮਨਾਂ ਵੇ ਰੁੱਸਿਆ
ਬਹਿ ਕੇ ਫੋਲੀਏ ਦੁੱਖ,
ਕਿਹੜੇ ਰਾਹੀਂ ਤੁੱਰ ਗਏ
ਰੁੱਖ, ਕੁੱਖ, ਮਨੁੱਖ।

ਮਿਲ ਮਨਾਂ ਮਨ-ਮੱਤਿਆ
ਤੇਰਾ ਤੈਥੋਂ ਦੂਰ,
ਅੰਦਰ ਦੀਵਾ ਬਾਲ ਕੇ
ਹੋ ਜਾ ਨੂਰੋ-ਨੂਰ।

ਲੱਗ ਗਲ਼ੇ ਮਨਾਂ ਮੇਰਿਆ
ਪਹਿਨੀਏ ਸੰਦਲੀ ਭਾਅ
ਇੱਕ ਦੂਜੇ ਤੋਂ ਵਾਰੀਏ
ਮਹਿਕਾਂ ਰੱਤੜਾ ਸਾਹ।

---

## Matrimonial

**Seeking Jatsikh match in late twenties for 34, 6' handsome, turbaned, non-drinker male. Specialist doctor in USA. Issueless divorcee. Hobbies: Yoga. If interested, please contact at +1 217-891-2557 or ramnik80@gmail.com**

---

## Seeking a Kidney Donor

Seeking help to find a kidney donor for a Professor/Scientist who has been contributing his entire life to cancer research with many significant contributions. The cause of his health situation is unknown, but he does need a kidney transplant.

The national kidney transplant list has a LONG waiting time so need to find a donor soonest.



### ਗੁਰਦਾ ਦਾਨੀ ਦੀ ਭਾਲ

**ਇੱਕ ਪ੍ਰੋਫ਼ੈਸਰ/ਵਿਗਿਆਨੀ, ਜੋ ਇਸ ਖੇਤਰ ਵਿੱਚ ਬਹੁਤ ਸਾਰੇ ਮਹੱਤਵਪੂਰਨ ਯੋਗਦਾਨਾਂ ਦੇ ਨਾਲ ਕੈਂਸਰ ਖੋਜ ਵਿੱਚ ਆਪਣਾ ਸਾਰਾ ਜੀਵਨ ਲੇਖੇ ਲਾ ਰਿਹਾ ਹੈ, ਲਈ ਗੁਰਦਾ ਦਾਨੀ ਲੱਭਣ ਵਿੱਚ ਮਦਦ ਦੀ ਲੋੜ ਹੈ। ਉਸ ਦੀ ਸਿਹਤ ਦੀ ਸਥਿਤੀ ਦਾ ਕਾਰਨ ਅਣਜਾਣ ਹੈ, ਪਰ ਉਸ ਨੂੰ ਗੁਰਦੇ ਦੇ ਟ੍ਰਾਂਸਪਲਾਂਟ ਦੀ ਜ਼ਰੂਰਤ ਹੈ। ਰਾਸ਼ਟਰੀ ਕਿਡਨੀ ਟ੍ਰਾਂਸਪਲਾਂਟ ਸੂਚੀ ਵਿੱਚ ਲੰਬਾ ਸਮਾਂ ਹੈ, ਇਸ ਲਈ ਜਲਦੀ ਤੋਂ ਜਲਦੀ ਇੱਕ ਦਾਨੀ ਲੱਭਣ ਦੀ ਲੋੜ ਹੈ।**

**For more info., please contact: Email: sunnyraysshine@outlook.com or Ph: 224-836-1072**

## ਸ਼ਿਕਾਗੋਲੈਂਡ ਦੇ ਨਾਮੀ ਅਤੇ ਸਤਿਕਾਰਤ ਜਸਵਿੰਦਰ ਸਿੰਘ ਸੰਧੂ ਅਤੇ ਜਰਨੈਲ ਸਿੰਘ ਮੱਲ੍ਹੀ ਦੇ ਪਰਿਵਾਰਾਂ ਨੂੰ ਸਤਵੀਰ ਸਿੰਘ ਸੰਧੂ ਤੇ ਜਯੋਤੀ ਕੌਰ ਮੱਲ੍ਹੀ ਦੇ ਵਿਆਹ ਦੀ

# ਬਹੁਤ ਬਹੁਤ ਵਧਾਈ

**Heartiest congratulations to Sandhu & Malhi Families and newlywed couple.**



ਬਲਵਿੰਦਰ ਸਿੰਘ ਸੰਧੂ (ਤਾਇਆ ਜੀ)
ਤੇ ਸਵੀਨਪਾਲ ਕੌਰ ਸੰਧੂ (ਤਾਈ ਜੀ)

**ਵਾਹਿਗੁਰੂ ਨਵੀਂ ਵਿਆਹੀ ਭਾਗਾਂਵਾਲੀ ਜੋੜੀ ਦੇ ਸਿਰ ‘ਤੇ ਸਦਾ ਮਿਹਰ ਭਰਿਆ ਹੱਥ ਰੱਖੇ ਅਤੇ ਸ਼ੁਭ-ਇੱਛਾਵਾਂ ਹਨ ਕਿ ਨਵੀਂ ਜ਼ਿੰਦਗੀ ਦਾ ਹਰ ਪਲ ਖੁਸ਼ੀਆਂ ਤੇ ਸ਼ਗਨਾਂ ਭਰਪੂਰ ਹੋਵੇ**



ਜਸਵਿੰਦਰ ਸਿੰਘ ਸੰਧੂ (ਪਿਤਾ) ਤੇ ਸੁਰਿੰਦਰ ਕੌਰ ਸੰਧੂ (ਮਾਤਾ)



ਜਰਨੈਲ ਸਿੰਘ ਮੱਲ੍ਹੀ (ਪਿਤਾ) ਤੇ ਜਸਬਿੰਦਰ ਕੌਰ ਮੱਲ੍ਹੀ (ਮਾਤਾ)

**ਵਲੋਂ: ਸਮੂਹ ਰਿਸ਼ਤੇਦਾਰ, ਨਜ਼ਦੀਕੀ ਤੇ ਮਿੱਤਰ**

# ਨਵੀਨੀਕਰਨ ਦੀ ਭੇਟ ਚੜ੍ਹੀਆਂ ਸਿੱਖ ਇਤਿਹਾਸਕ ਨਿਸ਼ਾਨੀਆਂ

***ਆਉਣ ਵਾਲੀਆਂ ਪੀੜ੍ਹੀਆਂ ਲਈ ਮਿਥਿਹਾਸ ਨਾ ਬਣ ਜਾਏ ਇਤਿਹਾਸ* – *ਕੱਚੀ ਗੜ੍ਹੀ ਵੀ ਸੰਗਮਰਮਰ 'ਚ ਜੜੀ***





ਸੁਲਤਾਨਪੁਰ ਲੋਧੀ 'ਚ ਬੇਬੇ ਨਾਨਕੀ ਦਾ ਅਸਲੀ ਘਰ ਅਤੇ (ਸੱਜੇ) ਕਾਰ ਸੇਵਾ ਪਿੱਛੋਂ ਉਸਾਰਿਆ ਗਿਆ ਮਹਿਲਨੁਮਾ ਕਿਲ੍ਹਾ


**ਹਰਦੀਪ ਸਿੰਘ ਹੈਪੀ ਪੰਡਵਾਲਾ**
**ਫੋਨ: +91-9814095400**




ਪੰਜਾਬ ਦੀ ਧਰਤੀ 'ਤੇ ਆਏ ਗੁਰੂਆਂ-ਪੀਰਾਂ, ਸੂਰਬੀਰਾਂ ਤੇ ਯੋਧਿਆਂ ਨੇ ਸਰਬੱਤ ਦੇ ਭਲੇ ਦਾ ਹੋਕਾ ਦਿੱਤਾ। ਬਰਾਬਰਤਾ ਲਈ ਲੜਾਈਆਂ ਲੜੀਆਂ ਤੇ ਦੂਜੇ ਧਰਮਾਂ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ। ਕੁਰਬਾਨੀ ਦੀਆਂ ਕਈ ਮਿਸਾਲਾਂ ਤਾਂ ਅਜਿਹੀਆਂ ਹਨ, ਜੋ ਦੁਨੀਆਂ 'ਚ ਹੋਰ ਕਿਧਰੇ ਨਹੀਂ ਮਿਲ ਸਕਦੀਆਂ। ਇਨ੍ਹਾਂ ਕੁਰਬਾਨੀਆਂ, ਸਰਬੱਤ ਦੇ ਭਲੇ ਦਾ ਹੋਕਾ ਦੇਣ ਵਾਲੇ ਗੁਰੂਆਂ-ਪੀਰਾਂ, ਯੋਧਿਆਂ ਦੀ ਵਿਰਾਸਤ ਨੂੰ ਕੀ ਅਸੀਂ ਸੰਭਾਲਿਆ ਹੈ? ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਦ ਅਸਲ ਯਾਦਗਾਰਾਂ ਬਚਣਗੀਆਂ ਹੀ ਨਹੀਂ ਤਾਂ ਉਹ ਕਿਵੇਂ ਆਪਣੇ ਵਿਰਸੇ ਪ੍ਰਤੀ ਸੰਜੀਦਾ ਹੋਣਗੇ? ਵਿਸ਼ਵ ਭਰ 'ਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਨਾਂ ਦੌਰਾਨ ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਨਾਲ ਸਬੰਧਤ ਅਲੋਪ ਹੋਈਆਂ ਨਿਸ਼ਾਨੀਆਂ ਦਾ ਵੱਧ ਜ਼ਿਕਰ ਹੁੰਦਾ ਹੈ। ਇਸਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਨਾਲ ਜੁੜੀਆਂ ਥਾਂਵਾਂ ਅੱਜ ਨਵੀਨੀਕਰਨ ਦੀ ਭੇਟ ਚੜ੍ਹ ਗਈਆਂ ਹਨ।

ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ 14 ਸਾਲ 9 ਮਹੀਨੇ 13 ਦਿਨ ਰਹੇ। ਇੱਥੇ ਹੀ ਉਨ੍ਹਾਂ ਨੌਕਰੀ ਕੀਤੀ, ਇੱਥੋਂ ਹੀ ਵਿਆਹ ਹੋਇਆ ਤੇ ਇੱਥੇ ਹੀ ਉਨ੍ਹਾਂ ਦੇ ਘਰ ਪੁੱਤਰਾਂ ਨੇ ਜਨਮ ਲਿਆ। ਉਨ੍ਹਾਂ ਚਾਰ ਉਦਾਸੀਆਂ ਵੀ ਇੱਥੋਂ ਹੀ ਕੀਤੀਆਂ ਤੇ ਸਭ ਤੋਂ ਵੱਡੀ ਗੱਲ ਕਿ ਗੁਰੂ ਗ੍ਰੰਥ ਸਾਹਿਬ ਵਿਚਲੇ ਮੂਲ ਮੰਤਰ ਦੀ ਰਚਨਾ ਵੀ ਸੁਲਤਾਨਪੁਰ ਲੋਧੀ 'ਚ ਪਵਿੱਤਰ ਕਾਲੀ ਵੇਈਂ ਦੇ ਕੰਢੇ 'ਤੇ ਹੋਈ ਸੀ। ਸੁਲਤਾਨਪੁਰ ਲੋਧੀ 'ਚ ਬੇਬੇ ਨਾਨਕੀ ਦਾ ਘਰ ਕਾਰ ਸੇਵਾ ਦੇ ਨਾਂ ਹੇਠ ਮਲੀਆਮੇਟ ਕੀਤਾ ਗਿਆ। ਬੇਬੇ ਨਾਨਕੀ ਦੇ ਘਰ ਨੂੰ ਢਹਿ-ਢੇਰੀ ਕਰਕੇ ਉਸ ਦੀ ਥਾਂ 'ਤੇ ਇਕ ਮਹਿਲਨੁਮਾ ਕਿਲ੍ਹਾ ਉਸਾਰ ਦਿੱਤਾ ਗਿਆ। ਬੇਬੇ ਨਾਨਕੀ ਦੇ ਘਰ ਦੇ ਆਲੇ-ਦੁਆਲੇ ਰਹਿਣ ਵਾਲੇ ਗੁਆਂਢੀ ਤਾਂ ਦੱਸ ਸਕਦੇ ਹਨ ਕਿ ਬੇਬੇ ਜੀ ਦਾ ਅਸਲੀ ਘਰ ਕਿਹੋ ਜਿਹਾ ਸੀ, ਪਰ ਯਾਤਰਾ 'ਤੇ ਆਇਆ ਗੁਰਸਿੱਖ ਜਾਂ ਹੋਰ ਕੋਈ ਸੈਲਾਨੀ ਉਸ ਘਰ ਦੇ ਦਰਸ਼ਨਾਂ ਉਪਰੰਤ ਕਹੇਗਾ ਕਿ ਕੀ ਬੇਬੇ ਨਾਨਕੀ ਜਾਂ ਬਾਬਾ ਨਾਨਕ ਕਿਹੋ ਜਿਹੇ ਆਲੀਸ਼ਾਨ ਘਰ 'ਚ ਜ਼ਿੰਦਗੀ ਜਿਉ ਰਹੇ ਸਨ? ਉਹ ਅਸਲੀ ਥਾਂ ਵੀ ਢਹਿ-ਢੇਰੀ ਕਰ ਦਿੱਤੀ ਗਈ, ਜਿੱਥੇ ਗੁਰੂ ਸਾਹਿਬ ਮੋਦੀਖਾਨੇ 'ਚ ਨੌਕਰੀ ਕਰਦੇ ਰਹੇ। ਉਥੇ ਹੁਣ ਦੁਧੀਆ ਰੰਗੇ ਸੰਗਮਰਮਰ ਨਾਲ ਗੁਰਦੁਆਰਾ 'ਹੱਟ ਸਾਹਿਬ' ਬਣਾਇਆ ਹੋਇਆ ਹੈ।

ਗੁਰੂ ਕਾ ਬਾਗ, ਜਿੱਥੇ ਗੁਰੂ ਨਾਨਕ ਦੇਵ ਜੀ ਵਿਆਹ ਪਿੱਛੋਂ ਰਹਿੰਦੇ ਸਨ, ਉਸ ਦਾ ਵੀ ਪੁਰਾਤਨ ਸਰੂਪ ਵਿਗਾੜ ਦਿੱਤਾ ਗਿਆ। ਚਮਕੌਰ ਸਾਹਿਬ ਦੀ ਗੜ੍ਹੀ, ਜਿਸ ਨੂੰ ਕੱਚੀ ਹਵੇਲੀ ਵੀ ਕਹਿੰਦੇ ਹਨ, ਉਥੇ 40 ਸਿੰਘਾਂ ਨੇ ਲੱਖਾਂ ਦੀ ਗਿਣਤੀ 'ਚ ਮੁਗਲ ਫੌਜ ਦਾ ਮੁਕਾਬਲਾ ਕੀਤਾ ਸੀ, ਉਹ ਢਾਹ ਦਿੱਤੀ ਗਈ। ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੁਬਾਰਾ ਪੁਰਾਤਨ ਦਿਖ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਫਤਹਿਗੜ੍ਹ ਸਾਹਿਬ ਵਿਖੇ ਦੀਵਾਨ ਟੋਡਰ ਮੱਲ ਦੀ 'ਜਹਾਜ਼ ਹਵੇਲੀ' ਦੀ ਪੁਰਾਤਨਤਾ ਨੂੰ ਬਰਕਰਾਰ ਰੱਖਣ ਲਈ ਕੰਮ ਕਈ ਸਾਲਾਂ ਤੋਂ ਰੇਂਗਦਾ ਹੋਇਆ ਮੰਜ਼ਿਲ ਵੱਲ ਵਧਣ ਦੀ ਕੋਸ਼ਿਸ਼ 'ਚ ਹੈ। ਫਤਹਿਗੜ੍ਹ ਸਾਹਿਬ 'ਚ ਠੰਢਾ ਬੁਰਜ ਢਹਿ ਗਿਆ ਹੈ।

ਗੁਰਦਾਸਪੁਰ ਜ਼ਿਲ੍ਹੇ 'ਚ ਬਾਬਾ ਬੰਦਾ ਸਿੰਘ ਬਹਾਦਰ ਦਾ ਥੇਹ ਵੀ 'ਥੇਹ' ਕਰ ਦਿੱਤਾ ਗਿਆ। ਬਾਬਾ ਗੁਰਦਿੱਤਾ ਜੀ ਦੀ ਯਾਦ 'ਚ ਬਣੀ ਯਾਦਗਾਰ, ਜੋ ਨਾਨਕਸ਼ਾਹੀ ਇੱਟਾਂ ਦੀ ਬਣੀ ਹੋਈ ਸੀ, ਉਸ ਉਪਰ ਸੀਮਿੰਟ ਨਾਲ ਪਲਸਤਰ ਕਰਕੇ ਉਸ ਦੀ ਪੁਰਾਤਨਤਾ ਮਿਟਾ ਦਿੱਤੀ ਗਈ ਹੈ। ਬੀਬੀ ਬੀਹੋ ਦਾ ਘਰ ਢਾਹ ਦਿੱਤਾ ਗਿਆ। ਹੋਰ ਵੀ ਗੁਰੂ ਸਾਹਿਬਾਨ ਨਾਲ ਸਬੰਧਤ ਅਸਲੀ ਯਾਦਗਾਰਾਂ ਕਾਰ ਸੇਵਾ ਦੇ ਨਾਂ ਹੇਠ ਮਲੀਆਮੇਟ ਕਰ ਦਿੱਤੀਆਂ ਗਈਆਂ। ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਦੋਂ ਅਸਲੀ ਯਾਦਗਾਰਾਂ ਦੇਖਣ ਲਈ ਬਚਣਗੀਆਂ ਹੀ ਨਹੀਂ ਤਾਂ ਫਿਰ ਉਹ ਇਹ ਕਿਵੇਂ ਮੰਨ ਲੈਣਗੇ ਕਿ ਬੇਬੇ ਨਾਨਕੀ ਇਕ ਸਧਾਰਨ ਘਰ 'ਚ ਰਹਿੰਦੀ ਸੀ ਜਾਂ ਚਮਕੌਰ ਸਾਹਿਬ ਦੀ ਗੜ੍ਹੀ 'ਚ (ਕੱਚੀ ਹਵੇਲੀ 'ਚ) ਸਿੱਖ ਮੁਗਲਾਂ ਦੀ ਵੱਡੀ ਫੌਜ ਨਾਲ ਟਕਰਾਅ ਗਏ ਸਨ, ਕਿਉਂਕਿ ਉਥੇ ਕੱਚੀ ਹਵੇਲੀ ਬਚੀ ਹੀ ਨਹੀਂ। ਅਫ਼ਸੋਸ ਅੱਜ ਇਹ ਕੱਚੀ ਗੜ੍ਹੀ ਵੀ ਸੰਗਮਰਮਰ ਦਾ ਰੂਪ ਧਾਰਨ ਕਰ ਗਈ ਹੈ।



ਖਸਤਾ ਹਾਲ ਵਿੱਚ ਦੀਵਾਨ ਟੋਡਰ ਮੱਲ ਦੀ 'ਜਹਾਜ਼ ਹਵੇਲੀ'

ਇਸੇ ਤਰ੍ਹਾਂ ਅੰਮ੍ਰਿਤਸਰ ਸਥਿਤ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਬਾਰਾਂਦਰੀ ਨੂੰ ਇਸ ਦਾਅਵੇ ਨਾਲ ਮਿੱਟੀ 'ਚ ਮਿਲਾ ਦਿੱਤਾ ਕਿ ਹੂਬਹੂ ਅਜਿਹੀ ਬਾਰਾਂਦਰੀ ਦਾ ਨਿਰਮਾਣ ਕੀਤਾ ਜਾਵੇਗਾ। ਅਨਮੋਲ ਸਿੱਖ ਇਤਿਹਾਸਕ ਨਿਸ਼ਾਨੀਆਂ ਦੇ ਹੋ ਰਹੇ ਘਾਣ ਲਈ ਸ਼੍ਰੋਮਣੀ ਕਮੇਟੀ ਨੂੰ ਕਾਰ ਸੇਵਾ ਸੰਪਰਦਾਵਾਂ ਨਾਲ ਮਿਲ ਕੇ ਇਸ ਵਿਰਾਸਤੀ ਘਾਣ ਨੂੰ ਜਲਦ ਰੋਕਣ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਆਪਣੇ ਗੁਰੂ ਸਾਹਿਬਾਨ ਦੀਆਂ ਸੰਜੋਈਆਂ ਯਾਦਾਂ ਦੇ ਦਰਸ਼ਨਾਂ ਤੋਂ ਵੀ ਵਾਂਝੇ ਹੋ ਕੇ ਰਹਿ ਜਾਵਾਂਗੇ।



ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀ ਕਾਰਸੇਵਾ ਕੀਤੇ ਜਾਣ ਦਾ ਦ੍ਰਿਸ਼



ਗੁਰਦੁਆਰਾ ਸ੍ਰੀ ਹੱਟ ਸਾਹਿਬ ਦੀ ਸੰਗਮਰਮਰੀ ਇਮਾਰਤ

## ‘ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ’

# ਸਾਈਂ ਮੀਆਂ ਮੀਰ



**“ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ “ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ” ਪੁਸਤਕ ਨੂੰ ‘ਪੰਜਾਬੀ ਪਰਵਾਜ਼’ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਅੰਕ ਤੋਂ ਸਾਈਂ ਮੀਆਂ ਮੀਰ ਜੀ ਦਾ ਵੇਰਵਾ ਛਾਪ ਰਹੇ ਹਾਂ। ਪੇਸ਼ ਹੈ, ਇਸ ਲੇਖ ਦਾ ਪਹਿਲਾ ਹਿੱਸਾ...**

**ਅਲੀ ਰਾਜਪੁਰਾ**
**ਫੋਨ:+91-9417679302**



ਭਾਰਤ ਦੀ ਸੂਫ਼ੀ ਪਰੰਪਰਾ ਦੇ ਪ੍ਰਸਿੱਧ ਸੂਫ਼ੀ ਸਨ ਸਾਈਂ ਮੀਆਂ ਮੀਰ। ਬੇਸ਼ੱਕ ਉਹ ਸੋਲ੍ਹਵੀਂ ਸਦੀ ਦੇ ਸੂਫ਼ੀ ਸਨ, ਪਰ ਸਾਈਂ ਜੀ ਦੀ ਇਬਾਦਤ ਤੇ ਤਿਆਗ ਮੁੱਢਲੇ ਜ਼ਮਾਨੇ ਦੇ ਸੂਫ਼ੀਆਂ ਨਾਲ ਮੇਲ ਖਾਂਦਾ ਸੀ। ਇਸੇ ਕਰਕੇ ਇਨ੍ਹਾਂ ਦੀ ਸ਼ਲਾਘਾ ਹਰ ਧਰਮ ਅਤੇ ਸੰਪ੍ਰਦਾਇ ਦੇ ਲੋਕਾਂ ਨੇ ਦਰਿਆਦਿਲੀ ਨਾਲ ਕੀਤੀ ਹੈ। ਜੇ ਸਾਈਂ ਮੀਆਂ ਮੀਰ ਨੂੰ ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝ ਦਾ ਮਜ਼ਬੂਤ ਪੁਲ਼ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਾਈਂ ਜੀ ਦੀ ਰਹਿਣੀ-ਸਹਿਣੀ ਆਚਰਣ-ਸੁਭਾਅ ਤੋਂ ਪ੍ਰਤੱਖ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਰੱਬੀ ਰੰਗ ਵਿੱਚ ਰੰਗਿਆ ਹੋਇਆ ਸੀ। ਇਨ੍ਹਾਂ ਦੀ ਸਹੀ ਜਨਮ ਮਿਤੀ ਬਾਰੇ ਕਈ ਤਰ੍ਹਾਂ ਦੇ ਮਤਭੇਦ ਸਾਹਮਣੇ ਆਉਂਦੇ ਹਨ, ਪਰ ਇਸਲਾਮਿਕ ਸਾਲ 938 ਹਿਜਰੀ (1531 ਈ.) ਮੁਤਾਬਕ ਆਪ ਸਿੰਧ ਦੇ ਮਸ਼ਹੂਰ ਸ਼ਹਿਰ ‘ਸੀਵਸਤਾਨ’ ਵਿੱਚ ਪੈਦਾ ਹੋਏ। ਮਾਤਾ ਬੀਬੀ ਫ਼ਤਮਾ ਪੁੱਤਰੀ ਕਾਜ਼ੀ ਕਾਦਨ ਦੀ ਕੁੱਖੋਂ ਜਨਮ ਲੈਣ ਵਾਲ਼ੇ ਮੀਆਂ ਮੀਰ ਜੀ ਦੇ ਪਿਤਾ ਦਾ ਨਾਮ ਕਾਜ਼ੀ ਸਾਈਂ ਦਿੱਤਾ ਪੁੱਤਰ ਕਾਜ਼ੀ ਕਲੰਦਰ ਫਾਰੁਕੀ ਸੀ। ਉਨ੍ਹਾਂ ਦੇ ਦਾਦਕੇ ਤੇ ਨਾਨਕੇ ਆਪਣੀ ਵਿਦਵਤਾ ਲਈ ਪੂਰੀ ਤਰ੍ਹਾਂ ਮਸ਼ਹੂਰ ਸਨ। ਉਂਝ ਬਚਪਨ ਵਿੱਚ ਉਨ੍ਹਾਂ ਦਾ ਨਾਂ ‘ਮੀਰ ਮੁਹੰਮਦ’ ਰੱਖਿਆ ਗਿਆ ਸੀ। ਸਮੇਂ ਨਾਲ ਸਾਈਂ ਨੂੰ ਕਈ ਸਤਿਕਾਰਤ ਨਾਂਵਾਂ ਨਾਲ ਨਿਵਾਜਿਆ ਗਿਆ, ਜਿਵੇਂ ‘ਸਾਈਂ ਮੀਆਂ ਮੀਰ’, ‘ਮੀਆਂ ਜੀਉ’, ‘ਸ਼ਾਹ ਮੀਰ’, ‘ਖ਼ੁਆਜ਼ਾ ਮੀਰ’, ‘ਬਾਲਾ ਪੀਰ’, ‘ਮੀਰ ਮੁਇਨੁਲ ਇਸਲਾਮ’ ਆਦਿ...।

ਇਸ ਮਹਾਨ ਦਰਵੇਸ਼ ਦਾ ਰੰਗ ਕਣਕਵੰਨਾ, ਮੱਥਾ ਚੌੜਾ ਤੇ ਕੱਦ ਦਰਮਿਆਨਾ ਸੀ। ਇਨ੍ਹਾਂ ਦਾ ਬਚਪਨ ਸਿੰਧ ਵਿੱਚ ਗੁਜ਼ਰਨ ਕਰਕੇ ਇਨ੍ਹਾਂ ਦੀ ਭਾਸ਼ਾ ’ਤੇ ਸਿੰਧੀ ਬੋਲੀ ਦਾ ਪ੍ਰਭਾਵ ਸੀ। ਸੱਤ ਸਾਲਾਂ ਦੀ ਉਮਰ ਵਿੱਚ ਮੀਆਂ ਜੀ ਨੇ ਕੁਰਾਨ-ਪਾਕ ਪੜ੍ਹ ਲਿਆ ਸੀ ਤੇ ਬਾਰਾਂ ਸਾਲ ਦੀ ਉਮਰ ਵਿੱਚ ਮਾਂ ਨੇ ਇਨ੍ਹਾਂ ਨੂੰ ਸਲੂਕ ਦੇ ਰਸਤੇ ਪਾ ਦਿੱਤਾ ਸੀ। ਕੁਝ ਸਮੇਂ ਪਿੱਛੋਂ ਮਾਂ ਦੀ ਆਗਿਆ ਨਾਲ ਕਾਬਿਲ ਪੀਰ ਦੀ ਤਲਾਸ਼ ਵਿੱਚ ਨਿਕਲ ਪਏ ਸਨ। ਇੱਕ ਦਿਨ ਸੀਵਸਤਾਨ ਦੇ ਜੰਗਲਾਂ ਵਿੱਚ ਵਿਚਰਦਿਆਂ ਉਨ੍ਹਾਂ ਦਾ ਮੇਲ ਸ਼ੇਖ਼ ਖਿਜ਼ਰ ਕਾਦਰੀ ਜੀ ਨਾਲ ਹੋਇਆ, ਜੋ ਸੰਸਾਰ ਨੂੰ ਤਿਆਗ ਕੇ ਪਹਾੜਾਂ ਵਿੱਚ ਜ਼ਿੰਦਗੀ ਗੁਜ਼ਾਰ ਰਹੇ ਸਨ। ਉਹ ਕੋਈ ਚੀਜ਼ ਗ੍ਰਹਿਣ ਨਾ ਕਰਦੇ ਅਤੇ ਹਰ ਚੀਜ਼ ਅੱਲਾ ਮੀਆਂ ਆਸਰੇ ਰੱਖਦੇ। ਉਨ੍ਹਾਂ ਦੇ ਤੇੜ ਲੂੰਗੀ ਤੇ ਸਿਆਲਾਂ ਦੀ ਠੰਢ ਤੋਂ ਬਚਣ ਲਈ ਤੰਦੂਰ ਰੱਖਿਆ ਸੀ। ਇਸੇ ਤੰਦੂਰ ’ਤੇ ਸਾਈਂ ਮੀਆਂ ਮੀਰ ਜੀ ਨੇ ਤਿੰਨ ਦਿਨ ਉਡੀਕ ਕੀਤੀ ਸੀ। ਜਦੋਂ ਸਾਈਂ ਜੀ ਦਾ ਮੇਲ ਇਨ੍ਹਾਂ ਨਾਲ ਹੋਇਆ ਤਾਂ ਸਾਈਂ ਨੂੰ ਮਹਿਸੂਸ ਹੋਇਆ ਕਿ ‘ਕਾਬਿਲ-ਪੀਰ’ ਮਿਲ ਗਿਆ ਹੈ। ਸ਼ੇਖ਼ ਜੀ ਉਸ ਵੇਲ਼ੇ ਇਰਫ਼ਾਨ ਦੇ ਮੁਕਾਮ ਭਾਵ ਬ੍ਰਹਮ ਗਿਆਨੀ ਦੇ ਮੁਕਾਮ ’ਤੇ ਪਹੁੰਚੇ ਹੋਏ ਸਨ। ਮੀਰ ਜੀ ਇਨ੍ਹਾਂ ਨੂੰ ਸਭ ਤੋਂ ਵੱਡੇ ਪੀਰ ਗੌਂਸ-ਏ-ਵਕਤ ਮੰਨਦੇ ਸੀ।

ਡਾ. ਮੁਹੰਮਦ ਹਬੀਬ ਦੇ ਇੱਕ ਲੇਖ ਅਨੁਸਾਰ “ਇਨ੍ਹਾਂ ਦਾ ਤਿਆਗ-ਤਪ ਦਾ ਇਹ ਹਾਲ ਸੀ ਕਿ ਇਹ ਲੋਕਾਂ ਵੱਲੋਂ ਭੇਟ ਸੌਗਾਤਾਂ ਸਵੀਕਾਰ ਨਹੀਂ ਸਨ ਕਰਦੇ।” ਇਸੇ ਤਰ੍ਹਾਂ ਇੱਕ ਵਾਰ ‘ਸੀਵਸਤਾਨ’ ਦਾ ਗਵਰਨਰ ਇਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹੋਇਆ। ਉਹ ਇੱਕ ਪੱਥਰ ਉੱਤੇ ਬੈਠੇ ਧੁੱਪ ਸੇਕ ਰਹੇ ਸਨ ਅਤੇ ਰੱਬੀ ਯਾਦ ਵਿੱਚ ਮਸਤ ਸਨ। ਜਦੋਂ ਗਵਰਨਰ ਦੀ ਪਰਛਾਵਾਂ ਇਨ੍ਹਾਂ ’ਤੇ ਪਿਆ ਤਾਂ ਇਨ੍ਹਾਂ ਨੂੰ ਕਿਸੇ ਦੀ ਮੌਜੂਦਗੀ ਦਾ ਅਹਿਸਾਸ ਹੋਇਆ। ਸਿਰ ਚੁੱਕ ਕੇ ਦੇਖਿਆ ਤਾਂ ਗਵਰਨਰ ਨੇ ਕਿਹਾ, “ਮੈਂ ਇਸ ਲਈ ਹਾਜ਼ਿਰ ਹੋਇਆ ਹਾਂ ਕਿ ਆਪ ਜੀ ਦੀ ਸੇਵਾ ਕਰ ਸਕਾਂ।” ਸ਼ੇਖ਼ ਜੀ ਨੇ ਕਿਹਾ ਕਿ ਪਹਿਲੀ ਸੇਵਾ ਤਾਂ ਇਹ ਹੈ ਕਿ ਧੁੱਪ ਛੱਡ ਦਿਓ। ਗਵਰਨਰ ਸਹਿਮ ਕੇ ਝੱਟ ਪਾਸੇ ਹੋ ਗਿਆ, ਤੇ ਕਿਹਾ ਕਿ ਮੇਰੇ ਵਾਸਤੇ ਰੱਬ ਅੱਗੇ ਦੁਆ ਕਰੋ। ਸ਼ੇਖ਼ ਜੀ ਨੇ ਫੇਰ ਕਿਹਾ, “ਰੱਬ ਤੁਹਾਨੂੰ ਐਸਾ ਸਮਾਂ ਨਸੀਬ ਨਾ ਕਰੇ ਕਿ ਜਦੋਂ ਤੁਹਾਡੇ ਦਿਲ ਵਿੱਚ ਰੱਬ ਤੋਂ ਛੁੱਟ ਕਿਸੇ ਹੋਰ ਦੀ ਮਦਦ ਲੈਣ ਦਾ ਖ਼ਿਆਲ ਆਵੇ।”

ਇਸ ਘਟਨਾ ਤੋਂ ਜ਼ਾਹਿਰ ਹੋ ਜਾਂਦਾ ਹੈ ਕਿ ਸਾਈਂ ਮੀਆਂ ਮੀਰ ਜੀ ਦੇ ਪੀਰ ਕਿਸ ਦਰਜੇ ਦੇ ਦਰਵੇਸ਼ ਸਨ। ਉਨ੍ਹਾਂ ਦੀ ਤਰਬੀਅਤ ਵਿੱਚ ਮੀਆਂ ਜੀ ਬਹੁਤ ਹੀ ਜਲਦੀ ਰੂਹਾਨੀਅਤ ਦੇ ਉੱਚ ਦਰਜੇ ’ਤੇ ਜਾ ਪਹੁੰਚੇ। ਜਦੋਂ ਮੀਆਂ ਜੀ ਮੁਕਾਮ-ਏ-ਇਰਫ਼ਾਨ ਭਾਵ ਤਸੱਵੁਫ ਦੀ ਆਖ਼ਰੀ ਮੰਜ਼ਿਲ ’ਤੇ ਜਾ ਪਹੁੰਚੇ ਤਾਂ ਸ਼ੇਖ਼ ਜੀ ਨੇ ਕਿਹਾ ਕਿ ਮੇਰੇ ਕੋਲ਼ ਜੋ ਵੀ ਸੀ ਉਹ ਤੁਹਾਨੂੰ ਸੰਭਾਲ ਦਿੱਤਾ, ਹੁਣ ਤੁਸੀਂ ਜਿੱਥੇ ਚਾਹੋ ਜਾ ਸਕਦੇ ਹੋ। ਇਸ ਪਿੱਛੋਂ ਮੀਰ ਜੀ ਨੇ ਦਰਵੇਸ਼ਾਂ ਦੀਆਂ ਰਵਾਇਤਾਂ ਅਨੁਸਾਰ ਆਪਣੇ ਗੁਰੂ ਤੋਂ ਆਗਿਆ ਲਈ ਤੇ ਜ਼ਾਹਿਰੀ ਉਲਮ ਹਾਸਲ ਕਰਨ ਲਈ ਲਾਹੌਰ ਵੱਲ ਨੂੰ ਚਾਲੇ ਪਾ ਦਿੱਤੇ। ਸਾਈਂ ਮੀਰ ਜੀ ਦੀ ਉਮਰ ਉਦੋਂ ਲਗਭਗ 25 ਵਰ੍ਹੇ ਦੱਸੀ ਮਿਲਦੀ ਹੈ। ਸ਼ੁਰੂ-ਸ਼ੁਰੂ ’ਚ ਜਦੋਂ ਲਾਹੌਰ ਪਹੁੰਚੇ ਤਾਂ ਬਹੁਤਾ ਸਮਾਂ ਮਸਜਿਦਾਂ ਵਿੱਚ ਗੁਜ਼ਰਿਆ ਤੇ ਬਾਅਦ ਵਿੱਚ ਅਕਬਰ ਦੇ ਮਸ਼ਹੂਰ ਵਿਦਵਾਨ ‘ਮੌਲਾਨਾ ਸਾਅਦੁੱਲਾਹ ਦੇ ਸ਼ਾਗਿਰਦਾਂ’ ਵਿੱਚ ਸ਼ਮੂਲੀਅਤ ਕੀਤੀ। ਛੇਤੀ ਹੀ ਇਹ ਆਪਣੇ ਗੁਰ-ਭਾਈਆਂ ਤੋਂ ਅੱਗੇ ਜਾ ਨਿਕਲੇ ਤੇ ਮੌਲਾਨਾ ਜੀ ਵੀ ਇਨ੍ਹਾਂ ਦੀ ਰੂਹਾਨੀਅਤ ਤੋਂ ਬਹੁਤ ਪ੍ਰਭਾਵਿਤ ਹੋਏ।

ਮੌਲਾਨਾ ਸਾਅਦੁੱਲਾਹ ਤੋਂ ਬਾਅਦ ਉਹ ਮੌਲਾਨਾ ਨਿਅਮਤੁੱਲਾਹ ਅਤੇ ਮੌਲਾਨਾ ਅਸਅਦੁੱਲਾਹ ਜੀ ਦੇ ਸ਼ਾਗਿਰਦ ਬਣੇ। ਇਨ੍ਹਾਂ ਤੋਂ ਬਿਨਾ ਵੀ ਮੀਰ ਜੀ ਨੇ ਹੋਰ ਵਿਦਵਾਨਾਂ ਦੀ ਸੰਗਤ ਕੀਤੀ ਤੇ ਧਰਮ ਸ਼ਾਸਤਰ ਦੀਆਂ ਸਿੱਖਿਆਵਾਂ ਹਾਸਿਲ ਕੀਤੀਆਂ। ਰੱਬੀ ਰੰਗ ਵਿੱਚ ਲੀਨ ਹੋਣ ਕਰਕੇ ਬਹੁਤਾ ਸਮਾਂ ਇਬਾਦਤ ਵਿੱਚ ਗੁਜ਼ਰਦਾ ਸੀ। ਜੰਗਲਾਂ, ਬਾਗ਼ਾਂ ਅਤੇ ਕਬਰਸਤਾਨਾਂ ਵਿੱਚ ਬਹਿ ਕੇ ਰੱਬੀ ਉਪਾਸਨਾ ਕਰਦੇ ਸਨ। ਇਨ੍ਹਾਂ ਨੇ ਲੋਕਾਂ ਤੋਂ ਆਪਣੀ ਰੂਹਾਨੀ ਅਵਸਥਾ ਨੂੰ ਐਨਾ ਛੁਪਾਈ ਰੱਖਿਆ ਕਿ ਦਾਰਾ ਸ਼ਿਕੋਹ ਦੇ ਕਥਨ ਅਨੁਸਾਰ ਲਾਹੌਰ ਵਾਸੀਆਂ ਨੂੰ ਲਗਭਗ ਵੀਹ ਸਾਲ ਖ਼ਬਰ ਤੱਕ ਨਾ ਹੋ ਸਕੀ। ਸਾਈਂ ਜੀ ਨੇ ਕਦੇ ਨਹੀਂ ਸੀ ਚਾਹਿਆ ਕਿ ਉਹ ਲੋਕਾਂ ’ਚ ਦਰਵੇਸ਼ ਦੀ ਹੈਸੀਅਤ ਵਿੱਚ ਮਸ਼ਹੂਰ ਹੋ ਜਾਣ ਅਤੇ ਲੋਕਾਂ ਦੀਆਂ ਭੀੜਾਂ ਲੱਗੀਆਂ ਰਹਿਣ। ਇਸ ਦੇ ਉਲਟ ਉਨ੍ਹਾਂ ਦਾ ਵਿਚਾਰ ਸੀ ਕਿ ਉਹ ਇੱਕ ਨਿਮਾਣੇ ਇਨਸਾਨ ਵਾਂਗ ਜ਼ਿੰਦਗੀ ਬਤੀਤ ਕਰਨ। ਹੌਲ਼ੀ-ਹੌਲ਼ੀ ਲਾਹੌਰ ਵਾਸੀ ਉਨ੍ਹਾਂ ਦੀ ਰੂਹਾਨੀ ਤਬੀਅਤ ਤੋਂ ਵਾਕਿਫ਼ ਹੋ ਚੁੱਕੇ ਸਨ ਤੇ ਉਹ ਮੀਰ ਜੀ ਦਾ ਘੇਰਾ ਛੱਡਣ ਨੂੰ ਬਿਲਕੁਲ ਤਿਆਰ ਨਹੀਂ ਸਨ।

ਇੱਕ ਦਿਨ ਮੀਰ ਜੀ ਨੇ ਲਾਹੌਰ ਛੱਡਣ ਦਾ ਪੱਕਾ ਇਰਾਦਾ ਕੀਤਾ ਤੇ ਸਰਹਿੰਦ ਵੱਲ ਨੂੰ ਤੁਰ ਪਏ। ਸਰਹਿੰਦ ਆਣ ਕੇ ਬੇਹੱਦ ਬਿਮਾਰ ਪੈ ਗਏ, ਜਿੱਥੇ ਉਨ੍ਹਾਂ ਕੋਲ਼ ਅਜਿਹਾ ਕੋਈ ਬੰਦਾ ਨਹੀਂ ਸੀ, ਜੋ ਸੇਵਾ ਸੰਭਾਲ ਕਰ ਸਕਦਾ। ਕੁਝ ਦਿਨਾਂ ਮਗਰੋਂ ਸਰਹਿੰਦ ਦੇ ਹਾਜੀ ਨਿਅਮਤੁੱਲਾਹ ਸਾਈਂ ਜੀ ਦੀ ਮਜਬੂਰੀ ਸਮਝ ਕੇ ਸੇਵਾ ’ਚ ਆਣ ਹਾਜ਼ਰ ਹੋਏ ਤੇ ਬੇਅੰਤ ਸੇਵਾ ਕੀਤੀ। ਇੱਥੋਂ ਤੱਕ ਕਿ ਮਲ-ਮੂਤਰ ਵੀ ਹੱਥੀਂ ਸਾਫ਼ ਕੀਤਾ। ਸਮਾਂ ਪਾ ਕੇ ਮੀਰ ਜੀ ਰਾਜ਼ੀ ਹੋ ਗਏ ਤਾਂ ਹਾਜੀ ਸਾਹਿਬ ਦਾ ਧੰਨਵਾਦ ਕਰਦਿਆਂ ਕਿਹਾ, “ਮੇਰੇ ਕੋਲ਼ ਉਂਝ ਤੁਹਾਨੂੰ ਦੇਣ ਲਈ ਕੁਝ ਨਹੀਂ, ਪਰ ਜੇ ਤੁਸੀਂ ਕਹੋ ਤਾਂ ਮੈਂ ਤੁਹਾਨੂੰ ਰੱਬ ਨੂੰ ਪਾਉਣ ਦਾ ਰਸਤਾ ਦੱਸ ਸਕਦਾ ਹਾਂ...।” ਇੰਨਾ ਸੁਣ ਕੇ ਹਾਜੀ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ ਤੇ ਉਹ ਪ੍ਰਸੰਨ ਹੋ ਕੇ ਸਾਈਂ ਮੀਆਂ ਮੀਰ ਜੀ ਦੇ ਪੱਕੇ ਮੁਰੀਦ ਬਣ ਗਏ। ਹਾਜੀ ਨੂੰ ਸਾਈਂ ਜੀ ਦੇ ਪਲੇਠੇ ਸ਼ਾਗਿਰਦ ਹੋਣ ਦਾ ਮਾਣ ਹਾਸਿਲ ਹੋਇਆ। ਸਮਾਂ ਪਾ ਕੇ ਸਾਈਂ ਜੀ ਦਾ ਦਿਲ ਉਚਾਟ ਰਹਿਣ ਲੱਗਿਆ ਤਾਂ ਮੁੜ ਲਾਹੌਰ ਆਣ ਪਹੁੰਚੇ। ਉਂਝ ਇਨ੍ਹਾਂ ਦਾ ਉਸਤਾਦੀ-ਸ਼ਾਗਿਰਦੀ ਦਾ ਸਿਲਸਿਲਾ ਦੂਜੇ ਸੂਫ਼ੀਆਂ ਤੋਂ ਵੱਖਰਾ ਸੀ।

ਸਾਈਂ ਜੀ ਨੇ ਸਾਰੀ ਉਮਰ ਗ੍ਰਹਿਸਥੀ ਧਾਰਨ ਨਹੀਂ ਕੀਤੀ। ਬੋਲਬਾਣੀ ਵਿੱਚ ਅੰਤਾਂ ਦੀ ਮਿਠਾਸ ਤੇ ਨਿਮਰ ਸੁਭਾਅ। ਘੱਟ ਸੌਂਦੇ, ਘੱਟ ਖਾਂਦੇ-ਪੀਂਦੇ, ਘੱਟ ਬੋਲਦੇ। ਬਹੁਤਾ ਸਮਾਂ ਇਕਾਂਤ ਜਾਂ ਆਪਣੇ ਹੁਜਰੇ ਵਿੱਚ ਗੁਜ਼ਰਦੇ। ਨਮਾਜ਼ ਜਮਾਤ ਨਾਲ ਪੜ੍ਹ ਮੁੜ ਹੁਜਰੇ ਹੀ ਜਾ ਪਹੁੰਚਦੇ। ਕੁੜਤਾ-ਪੱਗੜੀ ਪਹਿਨਦੇ। ਉਸ ਸਮੇਂ ਦੇ ਕਈ ਸ਼ਾਹੀ ਅਹਿਲਕਾਰ ਵੀ ਉਨ੍ਹਾਂ ਦੇ ਸ਼ਰਧਾਲੂਆਂ ਵਿੱਚ ਆਉਂਦੇ ਸਨ, ਜਿਵੇਂ ਮੁਗ਼ਲ ਬਦਸ਼ਾਹ ਜਹਾਂਗੀਰ, ਸ਼ਾਹਜਹਾਂ ਅਤੇ ਮੁਗ਼ਲ ਸ਼ਹਿਜ਼ਾਦਾ ਦਾਰਾ ਸ਼ਿਕੋਹ ਮੀਆਂ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਇਹ ਵੀ ਇੱਕ ਕੁਦਰਤੀ ਇਤਫਾਕ ਹੀ ਹੈ ਕਿ ਹਿੰਦੁਸਤਾਨ ਅਤੇ ਹਿੰਦੁਸਤਾਨ ਦੇ ਇੱਕੋ ਇੱਕ ਉੱਤਰ ਪੱਛਮੀ ਦਰਵਾਜ਼ੇ ਪੰਜਾਬ ਵਿੱਚ ਮੁਗ਼ਲ ਸਾਮਰਾਜ ਅਤੇ ਗੁਰਮਤਿ ਸੱਭਿਆਚਾਰ ਦੀ ਸਥਾਪਨਾ ਦੀ ਕਿਰਿਆ ਇੱਕੋ ਸਮੇਂ ਹੋਈ। ਮੁਗ਼ਲ ਸਾਮਰਾਜ ਦੇ ਮੁੱਢ ਜ਼ਹੀਰੁਦੀਨ ਮੁਹੰਮਦ ਬਾਬਰ ਅਤੇ ਗੁਰਮਤਿ ਦੇ ਧਾਰਨੀ ਬਾਬਾ ਨਾਨਕ ਦੋਵੇਂ ਸਮਕਾਲੀ ਸਨ। ਇਤਿਹਾਸ ਵਿੱਚ ਦੋਹਾਂ ਸ਼ਖ਼ਸੀਅਤਾਂ ਦੇ ਮਿਲਾਪ ਦਾ ਵੀ ਵਰਣਨ ਹੈ। ਬਾਬਰ ਦੇ ਉੱਤਰਾਧਿਕਾਰੀ ਮੁਗ਼ਲ ਬਾਦਸ਼ਾਹ ਅਤੇ ਬਾਬਾ ਨਾਨਕ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਸਮਾਨ-ਅੰਤਰ ਵਿਚਰਦੇ ਰਹੇ। ਇਤਿਹਾਸ ਵਿੱਚ ਬਹੁਤੇ ਇਨ੍ਹਾਂ ਨੂੰ ‘ਬਾਬੇ ਕੇ’ ਅਤੇ ‘ਬਾਬਰ ਕੇ’ ਕਹਿ ਕੇ ਸੰਬੋਧਨ ਕਰਦੇ ਹਨ। ਇਤਿਹਾਸਕ ਨਜ਼ਰੀਏ ਤੋਂ ਬਾਬਰਕਿਆਂ ਦੇ ਜਮਾਲ ਦਾ ਸੂਰਜ ਇਸ ਵਕਤ ਲਗਭਗ ਸਿਖ਼ਰ ’ਤੇ ਕਿਹਾ ਜਾ ਸਕਦਾ ਸੀ। ਇਸ ਵਕਤ ਬਾਬਰ ਦਾ ਪੋਤਾ ਅਕਬਰ ਗੱਦੀ ਨਸ਼ੀਨ ਸੀ ਅਤੇ ਬਾਬੇਕਿਆਂ ਦੀ ਪਰੰਪਰਾ ਅਨੁਸਾਰ ਗੱਦੀ ’ਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਬਿਰਾਜਮਾਨ ਸਨ। ਇਹ ਕੁਦਰਤੀ ਸੀ ਕਿ ਸਾਈਂ ਮੀਆਂ ਮੀਰ ਜੀ, ਜੋ ਉਸ ਸਮੇਂ ਲਾਹੌਰ ਸ਼ਹਿਰ ਦੀ ਇੱਕ ਅਧਿਆਤਮਕ ਹਸਤੀ ਅਤੇ ਮੁਗ਼ਲ ਬਾਦਸ਼ਾਹ ਦੇ ਸਤਿਕਾਰ ਦੇ ਪਾਤਰ ਸਨ, ਦਾ ਸਿੱਧਾ ਸੰਪਰਕ ਗੁਰੂ ਘਰ ਨਾਲ ਜੁੜਦਾ ਹੈ। ਮੀਆਂ ਮੀਰ ਜੀ ਦੇ ਗੁਰੂ ਘਰ ਨਾਲ ਸਬੰਧ ਹੋਣੇ ਇਤਿਹਾਸ ਦਾ ਅਹਿਮ ਪੱਖ ਹੈ।

ਇਤਿਹਾਸਕ ਤੱਥਾਂ ਤੋਂ ਸਾਹਮਣੇ ਆਉਂਦਾ ਹੈ ਕਿ ਸਾਈਂ ਮੀਆਂ ਮੀਰ ਜੀ ਤੇ ਗੁਰੂ ਅਰਜਨ ਦੇਵ ਜੀ ਦਾ ਮੇਲ ਉਸ ਵਕਤ ਹੋਇਆ, ਜਦੋਂ ਇਹ ਲਾਹੌਰ ਵਿਖੇ ਆਪਣੇ ਤਾਏ ‘ਸਹਾਰੀ ਮੱਲ’ ਦੇ ਸਪੁੱਤਰ ਦੀ ਸ਼ਾਦੀ ’ਤੇ ਗਏ। ਉਂਝ ਸਾਈਂ ਜੀ ਨੂੰ ਲਾਹੌਰ ’ਚ ਰਹਿੰਦਿਆਂ ਕਾਫੀ ਸਮਾਂ ਬੀਤ ਚੁਕਾ ਸੀ, ਇਸ ਕਰਕੇ ਗੁਰੂ ਜੀ ਇਨ੍ਹਾਂ ਦੀ ਮਹਿਮਾ ਤੋਂ ਪਹਿਲਾਂ ਹੀ ਜਾਣੂੰ ਸਨ। ਇਸ ਪਿਛੋਂ ਕਈ ਮੁਲਾਕਾਤਾਂ ਹੋਈਆਂ, ਜੋ ਹੌਲ਼ੀ-ਹੌਲ਼ੀ ਗੂੜ੍ਹੀ ਮਿੱਤਰਤਾ ’ਚ ਤਬਦੀਲ ਹੋ ਗਈਆਂ, ਜਿਸ ਦੀ ਅੱਜ ਇਤਿਹਾਸ ਗਵਾਹੀ ਭਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਸਹਿਤ ਸਾਈਂ ਮੀਆਂ ਮੀਰ ਜੀ ਨੂੰ ‘ਗਹਿਰ ਗੰਭੀਰ ਅਤੇ ਪੀਰਾਂ ਦਾ ਪੀਰ’ ਕਿਹਾ।

ਜਦੋਂ ਗੁਰੂ ਅਰਜਨ ਦੇਵ ਜੀ ਗੱਦੀ ’ਤੇ ਬੈਠੇ ਤਾਂ ਮੀਆਂ ਜੀ ਨੇ ਦਸਤਾਰ ਭੇਜੀ ਤੇ ਫਿਰ ਅੰਮ੍ਰਿਤਸਰ ਆਉਣ-ਜਾਣ ਹੋ ਗਿਆ ਸੀ; ਉਦਾਂ ਪੀਰ ਜੀ ਦਾ ਪੱਕਾ ਡੇਰਾ ਲਾਹੌਰ ਹੀ ਸੀ। ਅਕਸਰ ਮੁਲਾਕਾਤਾਂ ਹੁੰਦੀਆਂ ਤੇ ਗੰਭੀਰ ਧਰਮ ਚਰਚਾ ਵੀ ਹੁੰਦੀ। ਇਤਿਹਾਸਕ ਹਵਾਲੇ ਅਨੁਸਾਰ ਇੱਕ ਵਾਰ ‘ਸੁਖਮਨੀ ਸਾਹਿਬ’ ਦੀ ਅੱਠਵੀਂ ਅਸ਼ਟਪਦੀ ਵਿੱਚ ਬ੍ਰਹਮ ਗਿਆਨੀ ਦੇ ਸੰਕਲਪ ਉੱਤੇ ਕਈ ਦਿਨ ਵਿਚਾਰ ਹੁੰਦੀ ਰਹੀ। ਲੱਖਾਂ ਲੋਕਾਂ ਨੇ ਦੋਹਾਂ ਮਹਾਂਪੁਰਖਾਂ ਦਾ ਧਰਮ ਪਿਆਰ ਵੇਖਿਆ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕੀਤੇ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ ਚਹੁੰ ਵਰਨਾਂ ਲਈ ਸਾਂਝਾ, ਧਰਮਾਂ ਦਾ ਵਿਤਕਰਾ ਮਿਟਾਉਣ ਵਾਲਾ ਅਤੇ ਕੀਰਤਨ ਦਾ ਗੜ੍ਹ ਸ੍ਰੀ ਹਰਿਮੰਦਰ ਉਸਾਰਨ ਦਾ ਫ਼ੈਸਲਾ ਕੀਤਾ। ਨੀਂਹ ਰਖਵਾਉਣ ਲਈ ਗੁਰੂ ਜੀ ਦੀ ਨਜ਼ਰ ਨਿਰੋਲ ਮੀਆਂ ਮੀਰ ਜੀ ’ਤੇ ਟਿਕੀ। ਇਹ ਸੰਸਾਰ ਭਰ ਦੇ ਇਤਿਹਾਸ ਵਿੱਚ ਇੱਕ ਅਨੋਖੀ ਅਤੇ ਇੱਕ ਮਾਤਰ ਘਟਨਾ ਸੀ।

ਤਾਰੀਖ਼-ਏ-ਪੰਜਾਬ ਕ੍ਰਿਤ ਬੂਟੇ ਸ਼ਾਹ ਦੀ ਗਵਾਹੀ ਕਿ ‘ਦਰਬਾਰ ਸਾਹਿਬ’ ਦੀ ਉਸਾਰੀ, ਨਾਮ ਨੂੰ ਹਰ ਹਿਰਦੇ ’ਚ ਉਜਾਗਰ ਕਰਨ ਅਤੇ ਲੋਕਾਈ ਦੇ ਲਾਹੇ ਲਈ ਪਰਉਪਕਾਰ ਕਰਨ ਦਾ ਖ਼ਿਆਲ ਜਦ ਗੁਰੂ ਅਰਜਨ ਦੇਵ ਜੀ ਨੂੰ ਆਇਆ ਤਾਂ ਉਹ ਫੈਜ਼ ਦੇ ਦਰਜਿਆਂ ਦੇ ਮਾਲਿਕ ਅਤੇ ਰੱਬੀ ਭੇਦਾਂ ਦੇ ਗਿਆਤਾ ਮੀਆਂ ਮੀਰ ਜੀ ਨੂੰ ਲਾਹੌਰ ਆ ਕੇ ਮਿਲੇ। ਗੁਰੂ ਜੀ ਵਿਛੇ ਹੋਏ ਟਾਟ ’ਤੇ ਬੈਠ ਗਏ। ਉੱਥੇ ਹੀ ਅਕਬਰ ਆ ਗਿਆ, ਪਰ ਉਹ ਟਾਟ ’ਤੇ ਨਾ ਬੈਠਿਆ ਤੇ ਖੜ੍ਹਾ-ਖਲੋਤਾ ਹੀ ਵਾਪਿਸ ਮੁੜ ਗਿਆ। ਗੁਰੂ ਪਾਤਸ਼ਾਹ ਦੀ ਨਿਮਰਤਾ ਨੂੰ ਵੇਖ ਕੇ ਮੀਆਂ ਮੀਰ ਜੀ ਨੇ ਕਿਹਾ ਸੀ, “ਤੁਹਾਡੀ ਉੱਮਤ ਰਾਜ ਕਰੇਗੀ।”

ਗੁਰੂ ਅਰਜਨ ਦੇਵ ਜੀ ਨੇ ਆਪਣੇ ਆਉਣ ਦਾ ਮੰਤਵ ਦੱਸਿਆ ਕਿ ਆਪ ਅੰਮ੍ਰਿਤਸਰ ਪੁੱਜ ਕੇ ਆਪਣੇ ਹੱਥੀਂ ਹਰਿਮੰਦਰ ਦੀ ਨੀਂਹ ਰੱਖੋ। ਗੁਰੂ ਜੀ ਅੰਮ੍ਰਿਤਸਰ ਤਸ਼ਰੀਫ ਲੈ ਆਏ। ਮੀਆਂ ਮੀਰ ਜੀ ਨੇ ਚਾਰ ਇੱਟਾਂ ਚਾਰ ਪਾਸਿਆਂ ਤੇ ਇੱਕ ਇੱਟ ਵਿੱਚ ਰੱਖੀ। ਮਿਸਤਰੀ ਨੇ ਵਿਚਕਾਰਲੀ ਇੱਟ ਚੁੱਕ ਕੇ ਆਪਣੇ ਹਿਸਾਬ ਨਾਲ ਰੱਖੀ।

ਹਰਿਮੰਦਰ ਕੀ ਬੁਨਿਆਦ ਕੀ ਈਟ ਦੇ ਰਹੀ ਗਵਾਹੀ।
ਕਭੀ ਅਹਿਲੇ ਮਜ਼ੂਬ ਮੇ ਥੀ ਦੋਸਤੀ ਮੁਸਕਰਾਈ।

ਪਰ ਇਸ ਬਾਰੇ ਕੁਝ ਵਿਦਵਾਨਾਂ ਦੀ ਰਾਇ ਇਸ ਤਰ੍ਹਾਂ ਹੈ ਕਿ ਜਦ ਇਸ ਇਤਿਹਾਸਕ ਧਰਮ ਸਥਾਨ ਨੂੰ ਬਣਾਉਣ ਦੀਆਂ ਸਾਰੀਆਂ ਤਿਆਰੀਆਂ ਹੋ ਗਈਆਂ ਤਾਂ ਗੁਰੂ ਅਰਜਨ ਦੇਵ ਜੀ ਨੇ ਸਾਈਂ ਮੀਆਂ ਮੀਰ ਜੀ ਨੂੰ ਇਸ ਧਰਮ ਅਸਥਾਨ ਦੀ ਨੀਂਹ ਰੱਖਣ ਲਈ ਬੁਲਾਇਆ।

ਦੂਜੇ ਪਾਸੇ ਇਹ ਬੇਹੱਦ ਹੈਰਾਨੀ ਦੀ ਗੱਲ ਹੈ ਕਿ ਇੰਨੀ ਵੱਡੀ ਇਤਿਹਾਸਕ ਯਾਦਗਾਰ ਪ੍ਰਤੀ ਸਮਕਾਲੀ ਇਤਿਹਾਸਕਾਰ ਖ਼ਾਮੋਸ਼ ਕਿਉਂ ਰਹੇ? ਇਸ ਸਮੇਂ ਦੀਆਂ ਅਰਬੀ ਅਤੇ ਫ਼ਾਰਸੀ ਦੀਆਂ ਲਿਖਤਾਂ ਵਿੱਚ ਇਸ ਤਰ੍ਹਾਂ ਦਾ ਕੋਈ ਵੇਰਵਾ ਨਹੀਂ ਲੱਭਦਾ। ਇਸ ਦੇ ਕੀ ਕਾਰਨ ਸਨ, ਕੁਝ ਵੀ ਕਹਿਣਾ ਮੁਨਾਸਿਬ ਨਹੀਂ। ਉਦੋਂ ਹੈਰਾਨੀ ਹੋਰ ਵੀ ਵਧ ਜਾਂਦੀ ਹੈ ਕਿ ਦਾਰਾ ਸ਼ਿਕੋਹ ਅਤੇ ‘ਦਬਿਸਤਾਨ-ਏ-ਮਜ਼ਾਹਿਬ’ ਦੇ ਲੇਖਕ, ਜਿਨ੍ਹਾਂ ਬਾਰੇ ਕਿਸੇ ਤਰ੍ਹਾਂ ਦਾ ਭੇਦ-ਭਾਵ ਅਤੇ ਪੱਖਪਾਤੀ ਹੋਣ ਦਾ ਸੰਦੇਹ ਵੀ ਨਹੀਂ ਕੀਤਾ ਜਾ ਸਕਦਾ, ਇਸ ਘਟਨਾ ਦਾ ਉੱਕਾ ਵੀ ਜ਼ਿਕਰ ਨਹੀਂ ਕਰਦੇ, ਜਦਕਿ ਦਾਰਾ ਸ਼ਿਕੋਹ ਨੇ ‘ਸਕੀਨਤ-ਉਲ-ਔਲੀਆ’ ਨਾਂ ਦੀ ਪੁਸਤਕ ਵਿੱਚ ਮੀਆਂ ਜੀ ਦੇ ਜੀਵਨ ਦੇ ਲਗਭਗ ਹਰ ਪੱਖ ’ਤੇ ਰੌਸ਼ਨੀ ਪਾ ਕੇ ਉਜਾਗਰ ਕਰਨ ਦੀ ਕੋਸਿਸ਼ ਕੀਤੀ ਹੈ ਅਤੇ ਦਬਿਸਤਾਨ-ਏ-ਮਜ਼ਾਹਿਬ ਵਿੱਚ ‘ਨਾਨਕ ਪੰਥੀ’ ਦੇ ਸਿਰਲੇਖ ਹੇਠਾਂ ਸਿੱਖਾਂ ਦਾ ਵੇਰਵਾ ਮਿਲਦਾ ਹੈ। ਸਿੱਖ ਰਵਾਇਤਾਂ ਵਿੱਚ ਇਸ ਦਾ ਜ਼ਿਕਰ ਭਰਪੂਰ ਅਕੀਦਤ ਅਤੇ ਸ਼ਰਧਾ ਨਾਲ ਕੀਤਾ ਗਿਆ ਹੈ।

⇒ ਬਾਕੀ ਅਗਲੇ ਅੰਕ ਵਿੱਚ

## ਦੁਬਈ ਸੈਰਨਾਮਾ

# ਮਰਹਬਾ... ਮਰਹਬਾ...



**ਪ੍ਰੋ. ਬਲਜਿੰਦਰ ਸਿੰਘ**
ਫੋਨ: 91-9815040500



ਕਹਿੰਦੇ ਨੇ ਕਾਦਿਰ ਨੇ ਜਿੱਥੇ ਕਿਤੇ ਸਾਡਾ ਦਾਣਾ ਪਾਣੀ ਖਿਲਾਰਿਆ, ਸਾਨੂੰ ਉਥੇ ਚੁਗਣ ਲਈ ਜਾਣਾ ਹੀ ਪੈਂਦਾ। ਜੂਨ ਮਹੀਨੇ ਕਦ ਆਪਣੇ ਹਿੱਸੇ ਦੇ ਦਾਣੇ ਖਬੁਜ਼ ਅਤੇ ਹੰਮਸ (ਅਰਬੀਆਂ ਦੀ ਪਸੰਦੀਦਾ ਖ਼ੁਰਾਕ) ਦੇ ਰੂਪ ਵਿੱਚ ਚੁਗਣ ਲਈ ਜਹਾਜ਼ੇ ਚੜ੍ਹਨਾ ਪਿਆ, ਮੈਨੂੰ ਪਤਾ ਹੀ ਨਹੀਂ ਲੱਗਿਆ। ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ (ਅੰਮ੍ਰਿਤਸਰ) ਜਦ ਇਮੀਗ੍ਰੇਸ਼ਨ ਅਫ਼ਸਰ ਨੇ ਪਾਸਪੋਰਟ 'ਤੇ ਡਿਪਾਰਚਰ ਦੀ ਮੋਹਰ ਲਾਉਂਦਿਆਂ ਆਖਿਆ, "ਕੀ ਗੱਲ ਜਨਾਬ, ਬਾਰਾਂ ਸਾਲ ਲਾ ਦਿੱਤੇ ਦੁਬਾਰਾ ਬਾਰਡਰ ਟੱਪਣ ਨੂੰ...?" ਗੱਲ ਸੁਣ ਮੈਂ ਥੋੜ੍ਹਾ ਥਿੜਕਿਆ ਅਤੇ ਆਸਟ੍ਰੇਲੀਆ ਤੋਂ ਵਾਪਿਸ ਆਉਣ ਵੇਲ਼ੇ ਦੇ ਸਾਲ ਗਿਣਨ ਲੱਗਾ। ਅੱਗੋਂ ਹੱਸ ਕੇ ਕਹਿੰਦਾ, "ਵੀਰ ਜੀ, ਕਿਉਂ ਉਂਗਲਾਂ ਦੇ ਪੋਟੇ ਘਸਾ ਰਹੇ ਓਂ? ਤੁਹਾਡਾ ਸਾਰਾ ਵਹੀ ਖਾਤਾ ਮੇਰੇ ਕੰਪਿਊਟਰ 'ਤੇ ਖੁੱਲ੍ਹਾ ਪਿਆ। ਇੱਕ ਅਕਤੂਬਰ 2011 ਨੂੰ ਤੁਸੀਂ ਆਸਟ੍ਰੇਲੀਆ ਤੋਂ ਦਿੱਲੀ ਏਅਰਪੋਰਟ ਲੈਂਡ ਕੀਤਾ ਸੀ। ਉਸ ਤੋਂ ਬਾਅਦ ਪਤਾ ਨਹੀਂ ਤੁਸੀਂ ਬਾਰਾਂ ਸਾਲ ਕਿਹੜਾ ਬਨਵਾਸ ਭੋਗਦੇ ਰਹੇ!" ਹਲਕਾ ਜਿਹਾ ਮੁਸਕਰਾਉਂਦਿਆਂ ਮੈਂ ਪਾਸਪੋਰਟ ਫੜਿਆ ਤੇ ਸ਼ਾਰਜਾਹ ਦਾ ਜਹਾਜ਼ ਲੈਣ ਲਈ ਅੱਗੇ ਵਧਿਆ ਤਾਂ ਮਨ 'ਚ ਖਿਆਲ ਆਇਆ, ਚਲੋ ਬਾਰਾਂ ਸਾਲਾਂ ਬਾਅਦ ਹੀ ਸਹੀ! ਪਰ ਜੇ ਹੋਰ ਸਮਾਂ ਪੈ ਜਾਂਦਾ ਤਾਂ ਰੂੜੀ ਨਾਲੋਂ ਵੀ ਸਟੈਂਡਰਡ ਡਾਊਨ ਹੋ ਜਾਣਾ ਸੀ। ਬਲਿਹਾਰੇ ਜਾਵਾਂ ਉਸ ਕੁਦਰਤ ਦੇ ਅਤੇ ਵੱਡੇ ਬਾਈ ਨੀਟੇ ਦੇ, ਜਿਨ੍ਹਾਂ ਨੇ ਦੁਬਈ ਦੀ ਫ਼ੇਰੀ ਲਵਾਈ।

ਅਸਲ ਵਿੱਚ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਸੱਤ ਰਾਜਾਂ ਵਿੱਚੋਂ ਦੁਬਈ ਸਭ ਤੋਂ ਵਿਲੱਖਣ ਹੈ। ਦੁਬਈ ਤੋਂ ਇਲਾਵਾ ਬਾਕੀ ਛੇ ਰਾਜ ਹਨ- ਅਬੂ ਧਾਬੀ, ਅਜਮਾਨ, ਸ਼ਾਰਜਾਹ, ਫੁਜੈਰਾਹ, ਰਸ ਅਲ ਖੈਮਾਹ ਤੇ ਉਮ ਅਲ ਕੁਵੈਨ। ਯੂ.ਏ.ਈ. ਦੀ ਰਾਜਧਾਨੀ ਅਬੂਧਾਬੀ ਹੈ, ਜੋ ਇਸ ਦਾ ਸਭ ਤੋਂ ਵੱਡਾ ਰਾਜ ਵੀ ਹੈ।

ਦੁਬਈ ਪਹੁੰਚ ਕੇ ਜੋ ਨਜ਼ਾਰਾ ਦੇਖਣ ਨੂੰ ਮਿਲਿਆ, ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਦੁਬਈ ਬਾਰੇ ਜੋ ਪੜ੍ਹਿਆ-ਸੁਣਿਆ ਸੀ, ਉਸ ਤੋਂ ਵੀ ਕੀਤੇ ਅੱਗੇ ਇਸ ਮੁਲਕ ਨੇ ਤਰੱਕੀ ਕੀਤੀ ਹੈ। ਇਸ ਵੇਲ਼ੇ ਸਾਰੀ ਦੁਨੀਆਂ ਦੁਬਈ ਦੀ ਕਾਇਲ ਹੈ, ਇਸਦਾ ਸਿਹਰਾ ਉਨ੍ਹਾਂ ਦੇ ਖਲੀਫ਼ਾ ਸ਼ੇਖ ਮੁਹੰਮਦ ਅਲ ਮਖ਼ਤੂਮ ਨੂੰ ਜਾਂਦਾ ਹੈ, ਜਿਨ੍ਹਾਂ ਨੇ ਰੇਤ ਦੇ ਟਿੱਬਿਆਂ 'ਤੇ ਆਲਮੀ ਪੱਧਰ ਦੀਆਂ ਸੁੱਖ ਸਹੂਲਤਾਂ ਮੁਹੱਈਆ ਕਰਵਾ ਕੇ ਇਸ ਨੂੰ ਜੰਨਤ ਬਣਾ ਦਿੱਤਾ। ਸ਼ੇਖ ਮੁਹੰਮਦ ਅਲ ਮਖ਼ਤੂਮ ਤੇ ਉਨ੍ਹਾਂ ਦੇ ਫਰਜੰਦ ਸ਼ੇਖ ਹਮਦਾਨ ਬਿਨ ਮੁਹੰਮਦ ਦਾ ਇੱਕੋ ਇੱਕ ਨਿਸ਼ਾਨਾ ਹੈ, 'ਓਨਲੀ ਵਨ ਜਾਂ ਨੰਬਰ ਵਨ', ਮਤਲਬ ਦੁਬਈ ਦੇ ਵਿੱਚ ਜੋ ਵੀ ਮੁਜੱਸਮਾ ਜਾਂ ਇਮਾਰਤ ਬਣੇ ਜਾਂ ਤਾਂ ਉਹ ਪੂਰੀ ਦੁਨੀਆਂ ਵਿੱਚ ਇੱਕ ਹੀ ਹੋਵੇ ਜਾਂ ਸਭ ਤੋਂ ਉਮਦਾ ਹੋਵੇ। ਉਨ੍ਹਾਂ ਦੀ ਏਸੇ ਸੋਚ ਨੇ ਅੱਜ ਦੁਬਈ ਵਿੱਚ ਬੁਰਜ ਖ਼ਲੀਫ਼ਾ, ਬੁਰਜ ਅਲ ਅਰਬ, ਪਾਮ ਜੁਮੇਰਾਹ, ਦੁਬਈ ਫਰੇਮ, ਫਿਊਚਰ ਮਿਊਜ਼ੀਅਮ ਵਰਗੀਆਂ ਨਾਯਾਬ ਇਮਾਰਤਾਂ ਨੂੰ ਹੋਂਦ ਵਿੱਚ ਲਿਆਂਦਾ।

ਸ਼ਾਰਜਾਹ ਏਅਰਪੋਰਟ 'ਤੇ ਉਤਰਨ ਤੋਂ ਬਾਅਦ ਉਥੋਂ ਦੇ ਲੋਕਲ ਏਅਰਪੋਰਟ ਸਟਾਫ਼ ਨੇ ਸ਼ਾਨਦਾਰ ਖ਼ੈਰ ਮੱਖਦਮ ਕੀਤਾ। ਏਅਰਪੋਰਟ ਤੋਂ ਬਾਹਰ ਆਉਂਦਿਆਂ ਬਾਈ ਨੀਟੇ ਦੇ ਸਾਥੀਆਂ ਨਾ਼ਲ ਉਨ੍ਹਾਂ ਦੇ ਫਲੈਟ ਵੱਲ ਨੂੰ ਚਾਲੇ ਪਾਏ। ਇਥੋਂ ਦੀਆਂ ਸੜਕਾਂ ਅਤੇ ਇਥੋਂ ਦੀਆਂ ਰਵਾਇਤੀ ਤੇ ਆਧੁਨਿਕ ਇਮਾਰਤਾਂ ਦੇਖ ਕੇ ਮਨ ਸੋਚ ਰਿਹਾ ਸਾਂ ਕਿ 'ਥਰਡ ਵਰਲਡ ਕੰਟਰੀ' ਭਾਰਤ ਦਾ ਸੜਕੀ ਢਾਂਚਾ ਕਦ ਇਨ੍ਹਾਂ ਵਿਕਸਿਤ ਮੁਲਕਾਂ ਜਿਹਾ ਹੋਵੇਗਾ? ਕੀ ਭਾਰਤ ਮਾਲਾ ਪ੍ਰੋਜੈਕਟ ਵਿੱਚ ਇਸ ਤਰ੍ਹਾਂ ਦੀਆਂ ਸੜਕਾਂ ਬਣ ਸਕਣਗੀਆਂ? ਯੂਨੀਵਰਸਿਟੀ ਆਫ਼ ਸ਼ਾਰਜਾਹ ਦੇ ਦਰਸ਼ਨ ਕੀਤੇ। ਫਲੈਟ ਵਿੱਚ ਪਹੁੰਚ ਕੇ ਇੰਝ ਲੱਗਾ ਜਿਵੇਂ ਮੁੜ ਆਸਟ੍ਰੇਲੀਆ ਦੇ ਸਬਰਬ ਮੂਰ੍ਕੇ ਵਾਲੇ ਘਰ ਪਹੁੰਚ ਗਿਆ ਹੋਵਾਂ। ਮੇਰੇ ਖ਼ਿਆਲ ਨਾ਼ਲ ਇਹ ਨਜ਼ਾਰਾ ਸਿਰਫ ਆਸਟ੍ਰੇਲੀਆ ਤੇ ਦੁਬਈ ਵਰਗਾ ਹੀ ਨਹੀਂ, ਸਗੋਂ ਦੁਨੀਆਂ ਦੇ ਹਰ ਉਸ ਮੁਲਕ ਦੇ ਘਰ ਜਿਹਾ ਸੀ, ਜਿੱਥੇ ਪੰਜਾਬੀ ਮੁੰਡੇ ਵਤਨ ਤੋਂ ਦੂਰ ਇਕੱਠੇ ਰਹਿੰਦੇ ਹਨ। ਸਾਰੇ ਪਾਸੇ ਸਮਾਨ ਖਿੰਡੀਆ ਪਿਆ। ਇੱਕ ਪਾਸੇ ਬੂਟਾਂ-ਚੱਪਲਾਂ ਅਤੇ ਧੋਣ ਵਾਲੇ ਕੱਪੜਿਆਂ ਦਾ ਅੰਬਾਰ। ਰਸੋਈ ਵਿਚਲੀ ਉਥਲ-ਪੁਥਲ। ਕਾਰਨ ਇਹ ਕਿ ਏਥੇ ਸਾਰੇ ਛੜਿਆਂ ਦਾ ਡੇਰਾ- ਨਾ ਕੋਈ ਰੰਨ, ਨਾ ਕੰਨ। ਐਵੇਂ ਨ੍ਹੀਂ ਕਿਹਾ ਜਾਂਦਾ 'ਛੜਿਆਂ ਦੀ ਜੂਨ ਬੁਰੀ!' ਬੇਸ਼ੱਕ ਮੈਂ ਜੂਨ ਮਹੀਨੇ ਪਹੁੰਚਿਆ ਸੀ, ਪਰ ਇਨ੍ਹਾਂ ਦੇ ਤਾਂ ਬਾਰਾਂ ਮਹੀਨੇ ਆਹੀ ਹਾਲ ਰਹਿੰਦਾ। ਉਥੇ ਬਾਈ ਦੇ ਰਬਾਬ (ਮਾਲਿਕ) ਦਾ ਮੁੰਡਾ ਸਤਨਾਮ ਅਤੇ ਉਸ ਨਾ਼ਲ ਦਫ਼ਤਰ ਦੇ ਦੋ ਹੋਰ ਮੁੰਡੇ ਰਹਿੰਦੇ ਸਨ।

ਮੇਰਾ ਮੰਨਣਾ ਹੈ ਕਿ ਜੇ ਤੁਸੀਂ ਕਿਤੇ ਘੁੰਮਣ ਜਾਉ ਤਾਂ ਉਥੋਂ ਦੇ ਸਥਾਨਕ ਖਾਣੇ ਦਾ ਸਵਾਦ ਜ਼ਰੂਰ ਚਖਣਾ ਚਾਹੀਦਾ ਹੈ; ਉਥੋਂ ਦੇ ਪਹਿਰਾਵੇ, ਸੱਭਿਆਚਾਰ ਨੂੰ ਆਪਣੇ ਪਿੰਡੇ ਹੰਢਾਉਣਾ ਚਾਹੀਦਾ ਹੈ ਤਾਂ ਹੀ ਤੁਸੀਂ ਆਪਣੀ ਫ਼ੇਰੀ ਦਾ ਸੰਪੂਰਨ ਲੁਤਫ਼ ਲੈ ਸਕਦੇ ਹੋ।

ਮੇਰੇ ਮਿੱਤਰ ਦੀ ਰਿਹਾਇਸ਼ ਸ਼ਾਰਜਾਹ ਹੈ ਤੇ ਦਫ਼ਤਰ ਦੁਬਈ ਵਿੱਚ, ਅਲ ਕੁਸੈਸ। ਉਥੇ ਕੰਮਕਾਜ ਨਿਬੇੜਨ ਪਿਛੋਂ ਦੁਬਈ ਮਾਲ ਅਤੇ ਬੁਰਜ ਖਲੀਫ਼ਾ ਦੇਖਣ ਤੁਰ ਪਏ, ਵਿਦੇਸ਼ੀ ਸੈਲਾਨੀਆਂ ਦੀ ਪਹਿਲੀ ਪਸੰਦ ਬਣ ਚੁਕੇ ਹਨ। ਕੰਪਿਊਟਰਾਇਜ਼ਡ ਪਾਰਕਿੰਗ ਵਿੱਚ ਗੱਡੀ ਪਾਰਕ ਕਰ ਦੁਬਈ ਮਾਲ ਵਿੱਚ ਪ੍ਰਵੇਸ਼ ਕਰਦਿਆਂ ਇੰਝ ਲੱਗਿਆ ਜਿਵੇਂ ਪੂਰੀ ਦੁਨੀਆਂ ਦੁਬਈ ਮਾਲ ਵਿੱਚ ਇਕੱਠੀ ਹੋ ਗਈ ਹੋਵੇ। ਮੈਨੂੰ ਬੁਰਜ ਖਲੀਫ਼ਾ ਦੇਖਣ ਦੀ ਕਾਹਲ ਸੀ। ਟਿਕਟ ਲੈ ਲਿਫਟ ਵਿੱਚ ਪਹੁੰਚੇ ਤਾਂ ਕਿਸੇ ਸਪੇਸ ਸ਼ਟਲ ਨਾਲੋਂ ਘੱਟ ਨਹੀਂ ਸੀ ਮਹਿਸੂਸ ਹੋ ਰਿਹਾ। ਲਿਫ਼ਟ 10 ਮੀਟਰ ਪ੍ਰਤੀ ਸੈਕੰਡ ਦੀ ਰਫ਼ਤਾਰ ਨਾ਼ਲ 184ਵੀਂ ਮੰਜਿਲ 'ਤੇ ਲੈ ਗਈ। ਜ਼ਮੀਨ 'ਤੇ ਖੜ੍ਹ ਕੇ ਦੁਬਈ ਦੀਆਂ ਗਗਨ ਚੁੰਬੀ ਇਮਾਰਤਾਂ ਨੂੰ ਦੇਖ਼ ਕੇ ਧੌਣ 'ਚ ਵ਼ਲ ਪੈਂਦਾ ਸੀ। ਮੈਂ ਸੋਚ ਰਿਹਾ ਸਾਂ, 'ਨਿਊ ਇੰਡੀਆ' ਦੇ ਸਮਾਰਟ ਸਿਟੀ ਕਦੇ ਅਜਿਹੇ ਬਣ ਸਕਣਗੇ! ਬੁਰਜ ਖ਼ਲੀਫਾ ਅਤੇ ਦੁਬਈ ਸ਼ਹਿਰ ਦੀਆਂ ਕਈ ਸ਼ਾਨਦਾਰ ਇਮਾਰਤਾਂ ਇਮਾਰ ਕੰਪਨੀ ਦੀਆਂ ਬਣਾਈਆਂ ਹੋਈਆਂ ਹਨ। ਸ਼ਾਹਰੁਖ ਖਾਨ ਦੀ ਫਿਲਮ 'ਪਠਾਨ' ਦੇ ਹੈਲੀਕਾਪਟਰ ਵਾਲੇ ਫ਼ਾਈਟ ਸੀਨ ਵਿੱਚ ਵੀ ਇਸ ਕੰਪਨੀ ਦੇ ਕਈ ਲੋਗੋ ਦੇਖਣ ਨੂੰ ਮਿਲਦੇ ਹਨ। ਸਫ਼ਾਈ ਦੇ ਮਾਮਲੇ 'ਚ ਤਾਂ ਦੁਬਈ ਦੇ ਕੀ ਕਹਿਣੇ! ਦਿਨ ਢਲਦਿਆਂ ਹੀ ਸਫ਼ਾਈ ਕਰਮਚਾਰੀ ਆਪਣੀ ਨਾਈਟ ਸਿਫਟ ਵਿੱਚ ਸਾਰੀਆਂ ਇਮਾਰਤਾਂ ਚਮਕਾ ਦਿੰਦੇ ਹਨ। ਉਥੋਂ ਦੇ ਕਾਨੂੰਨ ਮੁਤਾਬਿਕ ਪ੍ਰਾਪਰਟੀ ਦੇ ਮਾਲਿਕ ਕਿਸੇ ਵੀ ਇਮਾਰਤ ਨੂੰ ਤਾਂ ਛੱਡੋ ਆਪਣੀ ਗੱਡੀ ਨੂੰ ਵੀ ਗੰਦਾ ਨਹੀਂ ਰੱਖ ਸਕਦੇ; ਜੇ ਫੜੇ ਗਏ ਤਾਂ ਭਾਰੀ ਜੁਰਮਾਨਾ ਹੋ ਸਕਦਾ ਹੈ। ਦੁਬਈ ਮਾਲ ਦੇ ਨਜ਼ਾਰਿਆਂ ਦਾ ਲੁਤਫ਼ ਲੈਂਦਿਆਂ ਸ਼ਾਮ ਹੋ ਗਈ। ਸ਼ਾਮੀਂ ਦੁਬਈ ਮਾਲ ਦੇ ਸੰਗੀਤਕ ਫੁਹਾਰਿਆਂ ਦਾ ਅਨੰਦ ਮਾਣਿਆ ਅਤੇ ਬੁਰਜ ਖ਼ਲੀਫ਼ਾ ਦਾ ਲੇਜ਼ਰ ਲਾਈਟਨਿੰਗ ਸ਼ੋਅ ਦੇਖਿਆ।

ਤੀਸਰੇ ਦਿਨ ਦੀ ਸ਼ਾਮ ਨੂੰ ਡੈਜ਼ਰਟ ਸਫ਼ਾਰੀ ਲਈ ਜਾਣ ਦਾ ਪ੍ਰੋਗਰਾਮ ਬਣਾਇਆ। ਡੈਜ਼ਰਟ ਸਫ਼ਾਰੀ ਲਈ ਪਿਕ ਐਂਡ ਡਰਾਪ ਪੈਕੇਜ ਅਧੀਨ ਲਗਜ਼ਰੀ ਐਸ.ਯੂ.ਵੀ. ਗੱਡੀਆਂ 'ਚ ਬੈਠ ਦੁਬਈ ਰੈੱਡ ਸੈਂਡ ਡੈਜ਼ਰਟ (ਲਾਲ ਰੇਤ ਦਾ ਮਾਰੂਥਲ) ਵੱਲ ਪੁੱਜੇ। ਇਹ ਮਾਰੂਥਲ ਦੁਬਈ ਤੋਂ ਓਮਾਨ ਵੱਲ ਜਾਣ ਵਾਲੇ ਹਾਈਵੇ 'ਤੇ ਆਉਂਦਾ ਹੈ। ਜੋ ਨਜ਼ਾਰਾ ਡਿਊਨ ਬੇਸ਼ਿੰਗ (ਰੇਤ ਦੇ ਟਿੱਬਿਆਂ 'ਤੇ ਗੱਡੀਆਂ 'ਚ ਖਰਮਸਤੀ) ਵਿੱਚ ਆਇਆ, ਉਸ ਨੂੰ ਸ਼ਬਦਾਂ ਵਿੱਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਕੈਂਪ ਸਾਈਟ 'ਤੇ ਲਜ਼ੀਜ਼ ਅਰਬੀ ਖਾਣਿਆਂ ਦੇ ਨਾ਼ਲ ਕਈ ਹੋਰ ਕੁਜ਼ੀਨ ਵੀ ਸਨ। ਅਰਬੀਆਂ ਨੇ ਬੱਕਰਾ ਅਤੇ ਮੁਰਗਾ ਪੁਰਾਤਨ ਤਰੀਕੇ ਨਾ਼ਲ ਰੋਸਟ ਕਰਨ ਲਾਇਆ ਹੋਇਆ ਸੀ। ਇੱਕ ਪਾਸੇ ਬੈਲੀ ਡਾਂਸ ਚੱਲ ਰਿਹਾ ਸੀ ਤੇ ਨਾ਼ਲ ਮਿਸਰ ਦਾ ਸੱਭਿਆਚਾਰਕ ਤਾਨੋਰਾ ਡਾਂਸ ਵੀ। ਫਾਇਰ ਸ਼ੋਅ ਤਾਂ ਪੂਰੇ ਅਰਬ ਵਿੱਚ ਮਸ਼ਹੂਰ ਹੈ। ਸ਼ਾਂਤਮਈ ਚਾਨਣੀ ਰਾਤ ਵਿੱਚ 5 ਕਿਲੋਮੀਟਰ ਲੰਮੀ ਕੈਮਲ ਰਾਈਡ ਕੀਤੀ। ਅਰਬ ਦੀ ਡਾਚੀ 'ਤੇ ਜਾਂਦੇ ਹੋਏ ਮਾਹੌਲ ਦੇ ਹਿਸਾਬ ਨਾ਼ਲ ਮੋਬਾਈਲ 'ਤੇ 'ਸੱਸੀਏ ਨੀ ਤੇਰੇ ਪੁੰਨਣ ਨੂੰ...!' ਗੀਤ ਚਲਾ ਲਿਆ। ਡਾਚੀ ਹੱਕਣ ਵਾਲੇ ਤੇ ਨਾ਼ਲ ਦੇ ਕਈ ਵਿਦੇਸ਼ੀ ਸਾਥੀਆਂ ਨੂੰ ਭਾਵੇਂ ਇਸ ਗਾਣੇ ਦੇ ਅਲਫਾਜ਼ ਸਮਝ ਨਾ ਆਏ ਹੋਣ, ਪਰ ਉਨ੍ਹਾਂ ਇਸ ਦੀ ਮੌਸਿਕੀ ਦਾ ਭਰਪੂਰ ਅੰਨਦ ਮਾਣਿਆ। ਸਾਰੇ ਦਿਨ ਦੀ ਥਕਾਵਟ ਰੇਤ ਦੇ ਟਿੱਬਿਆਂ ਵਿੱਚ ਦਫ਼ਨ ਹੋ ਗਈ ਸੀ।

ਡੈਜ਼ਰਟ ਸਫ਼ਾਰੀ ਲਿਜਾਣ ਵਾਲੇ ਸਾਡੇ ਗਾਈਡ ਦਿਲਬਰ ਦੇ ਦਾਦਾ ਜਾਨ 1955 ਵਿੱਚ ਕਰਾਚੀ (ਪਾਕਿਸਤਾਨ) ਤੋਂ ਦੁਬਈ ਆ ਕੇ ਵਸ ਗਏ ਸਨ। ਦਿਲਬਰ ਦਾ ਜਨਮ ਅਤੇ ਪਰਵਰਿਸ਼ ਦੁਬਈ ਵਿੱਚ ਹੀ ਹੋਏ। ਜਦ ਉਹ ਸਾਨੂੰ ਲੈਣ ਆਇਆ ਤਾਂ ਉਸਨੇ ਸ਼ੇਖਾਂ ਵਾ਼ਲਾ ਬਾਣਾ ਪਾਇਆ ਹੋਇਆ ਸੀ। ਪਹਿਲੇ ਨਜ਼ਰੇ ਕੋਈ ਅਰਬੀ ਹੀ ਲੱਗਾ। ਮੈਂ ਉਸ ਨਾ਼ਲ ਅੰਗਰੇਜ਼ੀ ਘੋਟਣ ਲੱਗਾ, ਤਾਂ ਅੱਗੋਂ ਹੱਸ ਕੇ ਪੰਜਾਬੀ ਵਿੱਚ ਕਹਿੰਦਾ, "ਬਾਦਸ਼ਾਓ ਮਾਂ ਬੋਲੀ ਵਿੱਚ ਗੱਲ ਕਰੋ, ਮੈਨੂੰ ਪੰਜਾਬੀ ਆਉਂਦੀ ਹੈ..। ਯਾਰ ਜਿਨ੍ਹਾਂ ਗੋਰਿਆਂ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਭਰਾਵਾਂ ਵਿੱਚ ਵੰਡੀਆਂ ਪਾਈਆਂ, ਤੁਸੀਂ ਉਨ੍ਹਾਂ ਦੀ ਬੋਲੀ ਕਿਉਂ ਬੋਲੀ ਜਾਂਦੇ ਹੋ।" ਦਿਲਬਰ 12 ਭਾਸ਼ਾਵਾਂ ਜਾਣਦਾ ਹੈ। ਹਿੰਦੀ-ਪੰਜਾਬੀ ਤਾਂ ਬੋਲੀ ਹੀ, ਨਾ਼ਲ ਰਸ਼ੀਅਨ ਤੇ ਮੈਂਡੇਰੀਨ (ਚਾਇਨੀਜ਼) ਵੀ ਬਹੁਤ ਵਧੀਆ ਬੋਲੀ। ਦਿਲਬਰ ਹੁਰਾਂ ਦੀ ਤੀਜੀ ਪੀੜੀ ਦੁਬਈ ਵਿੱਚ ਆਲਾ ਦਰਜੇ ਦੀ ਰੋਟੀ ਕਮਾ ਖਾ ਰਹੀ ਸੀ, ਪਰ ਉਹ ਹਾਲੇ ਵੀ ਦੁਬਈ ਦੇ ਪੱਕੇ ਵਸਨੀਕ ਬਣਨ ਤੋਂ ਕੋਹਾਂ ਦੂਰ ਸਨ। ਕਈ ਪਰਿਵਾਰ ਭਾਰਤ, ਪਾਕਿਸਤਾਨ, ਸ੍ਰੀਲੰਕਾ ਅਤੇ ਹੋਰ ਮੁਲਕਾਂ ਤੋਂ ਆ ਕੇ ਰਹਿ ਰਹੇ ਹਨ, ਪਰ ਯੂ.ਏ.ਈ. ਦੀ ਇਮੀਗ੍ਰੇਸ਼ਨ ਪਾਲਿਸੀ ਅਧੀਨ ਬਹੁਤੇ ਕੱਚੇ ਹੀ ਹਨ। ਅਰਬੀ ਉਨ੍ਹਾਂ ਤੋਂ ਕੰਮ ਕਰਵਾਉਂਦੇ ਹਨ, ਬਣਦਾ ਮਾਣ ਸਤਿਕਾਰ ਵੀ ਦਿੰਦੇ ਹਨ, ਪਰ ਉਹ ਰਹਿੰਦੇ ਸਾਰੀ ਉਮਰ ਉਨ੍ਹਾਂ ਦੇ ਕਾਰਿੰਦੇ ਹੀ ਹਨ। ਜੇ ਕੋਈ ਗੜਬੜ ਕਰਦਾ ਹੈ ਤਾਂ ਇਥੋਂ ਦੇ ਸ਼ੁਰਤੇ (ਪੁਲਿਸ ਮੁਲਾਜ਼ਮ) ਡਿਪੋਰਟ ਕਰ ਦਿੰਦੇ ਹਨ। ਦਿਲਬਰ ਮੁਤਾਬਕ ਜੇ ਦੁਬਈ ਵਿੱਚ ਕੋਈ ਵੀ ਕਾਰੋਬਾਰ ਸ਼ੁਰੂ ਕਰਨਾ ਜਾਂ ਜ਼ਮੀਨ ਲੈਣੀ ਹੈ ਤਾਂ ਉਸ ਦੀ ਮਲਕੀਅਤ ਵਿੱਚ ਕਿਸੇ ਲੋਕਲ ਅਰਬੀ ਦ ਹਿੱਸੇਦਾਰੀ ਲਾਜ਼ਿਮ ਹੈ। ਇਹ ਸੁਣ ਕੇ ਮੈਂ ਪੰਜਾਬ ਬਾਬਤ ਸੋਚਣ ਲੱਗਾ, ਕਾਸ਼! ਜੇ ਸਾਡੀਆਂ ਸਰਕਾਰਾਂ ਨੇ ਆਪਣੇ ਪੰਜਾਬ ਵਿੱਚ ਵੀ ਅਜਿਹਾ ਨਿਜ਼ਾਮ ਲਾਗੂ ਕੀਤਾ ਹੁੰਦਾ ਤਾਂ ਸ਼ਾਇਦ ਅਸੀਂ ਵੀ ਰਬਾਬ ਬਣ ਬੈਠ ਕੇ ਖਾਇਆ ਕਰਨਾ ਸੀ। ਯੂ.ਏ.ਈ. ਵਿੱਚ ਰਾਜਾਂ ਨੂੰ ਪੂਰਨ ਅਧਿਕਾਰ ਹੈ ਅਤੇ ਸੈਂਟਰ ਦੀ ਬਹੁਤ ਘੱਟ ਦਖ਼ਲਅੰਦਾਜ਼ੀ ਹੈ। ਹਰ ਇੱਕ ਰਾਜ ਦਾ ਅਲੱਗ ਖ਼ਲੀਫ਼ਾ ਅਤੇ ਆਪਣਾ ਅਧਿਕਾਰ ਖੇਤਰ ਹੈ।

ਚੌਥੇ, ਪਰ ਕੁਦਰਤਨ ਜੁੰਮੇ ਵਾਲੇ ਦਿਨ ਮੈਨੂੰ ਅਬੂ ਧਾਬੀ ਵਿੱਚ ਬਣੀ ਸ਼ੇਖ ਜ਼ਾਇਦ ਗਰੈਂਡ ਮੌਸਕ ਵੇਖਣ ਦਾ ਮੌਕਾ ਮਿਲਿਆ। ਇਹ ਮਸਜਿਦ ਵਾਕਿਆ ਹੀ ਅਰਬੀ ਕਾਰੀਗਰੀ ਦਾ ਬਾਕਮਾਲ ਨਮੂਨਾ ਹੈ। ਮੈਂ ਅੱਜ ਤੱਕ ਕਿਸੇ ਮਸਜਿਦ ਦੇ ਅੰਦਰ ਜਾ ਕੇ ਨਹੀਂ ਸੀ ਵੇਖਿਆ, ਕਿਉਂਕਿ ਜ਼ਿਆਦਾਤਰ ਮਸਜਿਦਾਂ ਵਿੱਚ ਗੈਰ-ਮੁਸਲਿਮ ਲੋਕਾਂ ਦਾ ਜਾਣਾ ਵਰਜਿਤ ਹੈ, ਪਰ ਇਸ ਮਸਜਿਦ ਅੰਦਰ ਕਿਸੇ ਨੂੰ ਮਨਾਹੀ ਨਹੀਂ ਹੈ। ਮਸਜਿਦ ਅੰਦਰ ਜਾਂਦਿਆ ਇੱਕ ਪਾਸੇ ਵੁਜ਼ੂ ਕਰਨ ਲਈ ਕਾਫ਼ੀ ਸ਼ਾਨਦਾਰ ਗੁਸਲ ਬਣਿਆ ਹੈ, ਵੁਜ਼ੂ ਕਰਨ ਲਈ ਪਾਣੀ ਸ਼ਾਨਦਾਰ ਮੀਨਾਕਾਰੀ ਨਾ਼ਲ ਬਣੇ ਇੱਕ ਫ਼ੁਆਰੇ ਵਿੱਚੋਂ ਨਿੱਕਲਦਾ ਹੈ। ਇੰਝ ਲੱਗ ਪ੍ਰਤੀਤ ਹੁੰਦਾ ਹੈ ਜਿਵੇਂ ਫ਼ੁਆਰੇ ਵਿੱਚੋਂ ਆਬ-ਏ-ਜ਼ਮ-ਜ਼ਮ ਜ਼ਮ ਨਿੱਕਲ ਰਿਹਾ ਹੋਵੇ। ਉਪਰ ਜਾਣ 'ਤੇ ਵੱਡੀ ਈਦਗਾਹ ਦੇਖਣ ਨੂੰ ਮਿਲਦੀ ਹੈ, ਜੋ ਤਾਜ ਮਹੱਲ ਤੋਂ ਵੀ ਵਿਲੱਖਣ ਲਗਦੀ ਹੈ। ਨਮਾਜ਼ਗਾਹ ਦੇ ਅੰਦਰ ਵੀ ਗੈਰ-ਮੁਸਲਿਮ ਬਰਾਦਰੀ ਦੇ ਲੋਕਾਂ 'ਤੇ ਜਾਣ ਦੀ ਰੋਕ ਨਹੀਂ। ਮੈਂ ਪਹਿਲੀ ਵਾਰ ਕਿਸੇ ਮਸਜਿਦ ਅੰਦਰ ਜੁੰਮੇ ਦੀ ਨਮਾਜ਼ ਹੁੰਦੀ ਵੇਖੀ। ਮੁਸਲਿਮ ਭਾਈਚਾਰੇ ਦੇ ਲੋਕਾਂ ਬੜੀ ਪਾਕੀਜ਼ਗੀ ਨਾ਼ਲ ਨਮਾਜ਼ ਅਤਾ ਫਰਮਾ ਰਹੇ ਸਨ। ਇਸ ਮਸਜਿਦ ਹੇਠਾਂ ਮਸਜਿਦ ਦੇ ਨਿਰਮਾਣ ਕਾਲ ਨੂੰ ਦਰਸਾਉਂਦਾ ਬਹੁਤ ਵੱਡਾ ਸਬ-ਵੇ ਮਿਊਜ਼ੀਅਮ ਬਣਿਆ ਹੋਇਆ ਹੈ ਅਤੇ ਨਾ਼ਲ ਹੀ ਹਰ ਤਰ੍ਹਾਂ ਦੀਆਂ ਦੁਕਾਨਾਂ ਤੇ ਸ਼ਾਪਿੰਗ ਮਾਲ ਵੀ ਬਣੇ ਹੋਏ ਹਨ। ਇਹ ਮਸਜਿਦ ਜੇ ਧਰਤੀ ਦੇ ਮਾਰਕਜ਼ੀ ਅਜੂਬਿਆਂ ਵਿੱਚ ਸ਼ਾਮਿਲ ਹੁੰਦੀ ਹੈ ਤਾਂ ਕੋਈ ਹੈਰਾਨੀ ਵਾ਼ਲੀ ਗੱਲ ਨਹੀਂ ਹੋਵੇਗੀ।

ਅਬੂ ਧਾਬੀ ਸ਼ਹਿਰ ਦੀਆਂ ਸੜਕਾਂ ਮੱਖਣ ਵਰਗੀਆਂ ਹਨ ਅਤੇ ਛੋਟੇ ਵਾਹਨਾਂ ਲਈ ਸਪੀਡ ਲਿਮਿਟ 140 ਕਿਲੋਮੀਟਰ ਪ੍ਰਤੀ ਘੰਟਾ ਹੈ, ਜਦਕਿ ਦੁਬਈ ਵਿੱਚ 120 ਕਿਲੋਮੀਟਰ ਪ੍ਰਤੀ ਘੰਟਾ ਹੈ। ਸਾਨੂੰ ਦੁਬਈ ਤੋਂ ਅਬੂ ਧਾਬੀ 150 ਕਿਲੋਮੀਟਰ ਜਾਣ ਨੂੰ ਡੇਢ ਕੁ ਘੰਟਾ ਮਸਾਂ ਲੱਗਿਆ। ਮਸਜਿਦ

⇒ ਬਾਕੀ ਅਗਲੇ ਸਫੇ 'ਤੇ

# ਮਰਹਬਾ... ਮਰਹਬਾ

ਦੀ ਫ਼ੇਰੀ ਤੋਂ ਵਾਪਸ ਆਉਂਦਿਆਂ ਫਰਾਰੀ ਵਰਲਡ ਅਤੇ ਦੁਬਈ ਅਮੀਉਜ਼ਮੈਂਟ ਪਾਰਕ ਵੀ ਦੇਖਿਆ। ਅਬੂ ਧਾਬੀ ਤੋਂ ਵਾਪਸੀ ਵੇਲੇ ਗੁਰਦੁਆਰਾ ਗੁਰੂ ਨਾਨਕ ਦਰਬਾਰ (ਜੇਬੇਲ ਅਲੀ) ਦੇ ਦਰਸ਼ਨ ਕੀਤੇ। ਨਾਲ ਹੀ ਹਿੰਦੂ ਮੰਦਿਰ ਅਤੇ ਇੱਕ ਚਰਚ ਵੀ ਬਣਿਆ ਹੋਇਆ ਹੈ। ਜੇਬੇਲ ਅਲੀ ਦੁਬਈ ਪੋਰਟ, ਜਿਸ ਨੂੰ ਫ੍ਰੀ ਜ਼ੋਨ ਪੋਰਟ ਵੀ ਕਿਹਾ ਜਾਂਦਾ ਹੈ, ਉਥੇ ਜਾ ਕੇ ਵੱਡੇ ਵੱਡੇ ਸ਼ਿਪਯਾਰਡ ਦੇਖੇ। ਦੁਬਈ ਦੇ ਵਿਕਾਸ ਵਿੱਚ ਵਪਾਰ ਅਤੇ ਵਣਜ ਦਾ ਬਹੁਤ ਵੱਡਾ ਹੱਥ ਹੈ, ਜਿਸ ਵਿੱਚ ਇਸ ਅਜ਼ੀਮ ਬੰਦਰਗਾਹ ਦਾ ਬਹੁਤ ਵੱਡਾ ਯੋਗਦਾਨ ਹੈ।

ਫਿਊਚਰ ਮਿਊਜ਼ੀਅਮ ਛੱਲੇ ਦੇ ਆਕਾਰਨੁਮਾ ਬਹੁਤ ਖੂਬਸੂਰਤ ਇਮਾਰਤ ਵਿੱਚ ਬਣਿਆ ਹੋਇਆ ਹੈ। ਇਸ ਦੀਆਂ ਸੱਤ ਮੰਜ਼ਿਲਾਂ ਹਨ। ਪੂਰੀ ਬਿਲਡਿੰਗ ਦੀਆਂ ਕੰਧਾਂ ਵਿੱਚ ਦੁਬਈ ਦੇ ਮਸ਼ਹੂਰ ਸ਼ਾਸਕਾਂ ਦੇ ਹਵਾਲੇ ਅਰਬੀ ਜ਼ੁਬਾਨ ਵਿੱਚ ਲਿਖੇ ਹੋਏ ਹਨ। ਇਹ ਦੁਬਈ ਦੇ ਮੁੱਖ ਮਾਰਗ ਸ਼ੇਖ ਜ਼ਾਇਦ ਰੋਡ 'ਤੇ ਸਥਿਤ ਹੈ। ਇਸ ਦਾ ਫਰੇਮ ਫਾਈਬਰਗਲਾਸ ਅਤੇ ਸਟੇਨਲੈੱਸ ਸਟੀਲ ਦਾ ਬਣਿਆ ਹੋਇਆ ਹੈ। ਨੈਸ਼ਨਲ ਜੀਓਗ੍ਰਾਫਿਕ ਚੈਨਲ ਇਸ ਨੂੰ ਪਹਿਲਾਂ ਹੀ ਦੁਨੀਆਂ ਦੇ 14 ਸਭ ਤੋਂ ਖੂਬਸੂਰਤ ਮਿਊਜ਼ੀਅਮਾਂ 'ਚ ਸ਼ਾਮਲ ਕਰ ਚੁੱਕਾ ਹੈ। ਇਸ ਮਿਊਜ਼ੀਅਮ ਵਿੱਚ 2071 ਦੀ ਦੁਨੀਆਂ ਦਿਖਾਈ ਹੈ। ਭਵਿੱਖ ਦੇ ਅਜਾਇਬ ਘਰ ਦਾ ਅੰਦਰੂਨੀ ਦ੍ਰਿਸ਼ ਤੁਹਾਨੂੰ ਅਜਿਹਾ ਮਹਿਸੂਸ ਕਰਾਉਂਦਾ ਹੈ, ਜਿਵੇਂ ਤੁਸੀਂ ਟਾਈਮ ਮਸ਼ੀਨ ਰਾਹੀਂ 2071 ਵਿੱਚ ਪਹੁੰਚ ਗਏ ਹੋਵੋਂ। ਸੱਤ ਮੰਜ਼ਿਲਾਂ ਵਿੱਚ ਫੈਲੇ ਅਜਾਇਬ ਘਰ ਦੀ ਹਰ ਮੰਜ਼ਿਲ ਵੱਖ-ਵੱਖ ਸੰਕਲਪਾਂ ਨੂੰ ਸਮਰਪਿਤ ਹੈ, ਜਿਸ ਵਿੱਚ ਪੁਲਾੜ ਯਾਤਰਾ, ਜਲਵਾਯੂ ਤਬਦੀਲੀ, ਤਕਨੀਕੀ ਤਰੱਕੀ ਆਦਿ ਸ਼ਾਮਲ ਹਨ।

ਅਜਾਇਬ ਘਰ ਦੇ ਆਕਰਸ਼ਣਾਂ ਨੂੰ ਪੰਜ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਪਹਿਲਾ ਅਧਿਆਏ, ਜੋ 5ਵੀਂ ਮੰਜ਼ਿਲ 'ਤੇ ਹੈ, ਦਾ ਨਾਮ ਓ.ਐਸ.ਐਸ. ਹੋਪ ਹੈ। ਇਸ ਦਾ ਦ੍ਰਿਸ਼ ਤੁਹਾਨੂੰ ਪੁਲਾੜ ਯਾਤਰਾ ਦੇ ਅਨੁਭਵ 'ਤੇ ਲੈ ਜਾਂਦਾ ਹੈ। ਦੂਜਾ ਚੈਪਟਰ, ਹੀਲ ਇੰਸਟੀਚਿਊਟ, ਚੌਥੀ ਮੰਜ਼ਿਲ 'ਤੇ ਸਥਿਤ ਹੈ, ਜੋ ਤੁਹਾਨੂੰ ਐਮਾਜ਼ਨ ਦੇ ਜੰਗਲਾਂ ਵਿੱਚ 2071 ਦੀ ਹਾਈਬ੍ਰਿਡ ਬਨਸਪਤੀ ਦੇ ਦਰਸ਼ਨ ਕਰਵਾਉਂਦਾ ਹੈ। ਤੀਜਾ ਚੈਪਟਰ, ਅਲ ਵਾਹ ਤੀਜੀ ਮੰਜ਼ਿਲ 'ਤੇ, ਮੈਡੀਟੇਸ਼ਨ ਸੈਂਟਰ ਹੈ, ਜੋ ਤੁਹਾਨੂੰ-ਤੁਹਾਡੇ ਦਿਮਾਗ ਨੂੰ ਸਰੀਰ ਨਾਲ ਹੋਰ ਜੁੜਨ ਵਿੱਚ ਮਦਦ ਕਰਦਾ ਹੈ। ਅਜਾਇਬ ਘਰ ਦਾ ਆਖਰੀ ਅਧਿਆਇ ਸਿਰਫ਼ ਬੱਚਿਆਂ ਲਈ ਹੈ, ਜੋ ਭਵਿੱਖ ਨਾਇਕਾਂ ਬਾਰੇ ਦੱਸਦਾ ਹੈ। ਭਵਿੱਖ ਦਾ ਅਜਾਇਬ ਘਰ ਦੁਨੀਆਂ ਦੀਆਂ ਸਭ ਤੋਂ ਉੱਨਤ ਤਕਨੀਕਾਂ ਅਤੇ ਰੋਬੋਟਾਂ ਦੇ ਸੰਗ੍ਰਹਿ ਦਾ ਘਰ ਹੈ, ਜਿਸ ਵਿੱਚ ਅਨੇਕਾਂ ਏ.ਆਈ. ਸੰਚਾਲਿਤ ਹਿਊਮਨਾਈਡ ਰੋਬੋਟ ਹਨ, ਜਿਨ੍ਹਾਂ ਵਿੱਚ ਪ੍ਰਮੁੱਖ ਬੌਬ ਰੋਬੋਟ ਬਾਰਿਸਟਾ, ਰੋਬੋਟਿਕ ਫਲਾਇੰਗ ਪੈਂਗੁਇਨ, ਫਲਾਇੰਗ ਜੈਲੀ ਫਿਸ਼ ਅਤੇ ਰੋਬੋਟਿਕ ਡੌਗ ਸ਼ਾਮਲ ਹਨ।

ਪੰਜਵੇਂ ਦਿਨ ਬੁਰ ਦੁਬਈ ਜਾਣ ਦਾ ਪਲੈਨ ਸੀ, ਇਹ ਸ਼ਹਿਰ ਦੇ ਸਭ ਤੋਂ ਪੁਰਾਣੇ ਇਲਾਕੇ ਵਿੱਚੋਂ ਇੱਕ ਹੈ। ਦੁਬਈ ਦੇ ਇੱਕ ਸ਼ਹਿਰੀ ਮਹਾਂਨਗਰ ਵਿੱਚ ਤਬਦੀਲ ਹੋਣ ਤੋਂ ਬਹੁਤ ਪਹਿਲਾਂ, ਦੁਬਈ ਕਰੀਕ ਦੇ ਪੱਛਮ ਦਾ ਇਲਾਕਾ ਵਪਾਰ ਦਾ ਮੁੱਖ ਕੇਂਦਰ ਹੁੰਦਾ ਸੀ। ਅੱਜ ਇਹ ਰਿਹਾਇਸ਼ੀ ਅਤੇ ਆਰਥਿਕ ਗਤੀਵਿਧੀ ਦਾ ਕੇਂਦਰ ਬਣਿਆ ਹੋਇਆ ਹੈ, ਇਹ ਭਾਈਚਾਰੇ ਦੀ ਉਦਾਰਵਾਦੀ ਭਾਵਨਾ ਨੂੰ ਕਾਇਮ ਰੱਖ ਰਿਹਾ ਹੈ, ਜੋ ਇੱਥੋਂ ਦੇ ਮਲਟੀ ਕਲਚਰ ਸੱਭਿਆਚਾਰ ਦੀ ਵਿਸ਼ੇਸ਼ਤਾ ਹੈ। ਬੁਰ ਦੁਬਈ ਵਿੱਚ ਕੇਰਲਾ ਤੋਂ ਆਏ ਸੱਜਣਾਂ ਦਾ ਕਾਫ਼ੀ ਕਾਰੋਬਾਰ ਹੈ। ਵੈਸੇ ਤਾਂ ਪੂਰੇ ਦੁਬਈ ਵਿੱਚ ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀਆਂ ਦੀ ਬੱਲੇ ਬੱਲੇ ਹੈ, ਪਰ ਕੇਰਲਾ ਵਾਲੇ ਤੁਹਾਨੂੰ ਹਰ ਸ਼ਾਪਿੰਗ ਮਾਲ, ਬੈਂਕਾਂ, ਅਤੇ ਨਿੱਜੀ ਰੈਸਟੋਰੈਂਟਾਂ ਵਿੱਚ ਆਮ ਮਿਲ ਜਾਣਗੇ। ਸਾਡੇ ਪੰਜਾਬੀ ਲੇਬਰ ਕੈਂਪਾਂ ਵਿੱਚ ਦਿਹਾੜੀਆਂ ਲਾਉਂਦੇ ਤੇ ਡਰਾਇਵਰੀ ਕਰਦੇ ਨਜ਼ਰ ਆਉਂਦੇ ਹਨ। ਬੁਰ ਦੁਬਈ ਵਿੱਚ ਹੀ ਦੁਬਈ ਮਿਊਜ਼ੀਅਮ ਬਣਿਆ ਹੋਇਆ ਹੈ, ਜੋ ਦੁਬਈ ਦੇ ਵਿਕਾਸ ਦੀ ਯਾਦਾਂ ਨੂੰ ਆਪਣੇ 'ਚ ਸੰਜੋਈ ਬੈਠਾ ਹੈ। ਦੁਬਈ ਦੇ ਮਿਊਜ਼ੀਅਮ ਨੂੰ ਦੇਖ ਕੇ ਮੂੰਹ 'ਚੋਂ ਬੱਸ ਇਹੋ ਅਲਫਾਜ਼ ਨਿਕਲਦੇ ਹਨ, 'ਹਿੰਮਤ ਏ ਮਰਦਾਂ, ਮਦਦ ਏ ਖ਼ੁਦਾ।' ਦੁਬਈ ਦੇ ਸਥਾਨਕ ਬੱਦੂ, ਜੋ ਕਿਸੇ ਵੇਲੇ ਖਾਨਾਬਦੋਸ਼ ਤੇ ਸਮੁੰਦਰੀ ਲੁਟੇਰੇ ਸਨ, ਉਨ੍ਹਾਂ ਆਪਣੇ ਆਪ ਨੂੰ ਸਮੇਂ ਦਾ ਹਾਣੀ ਹੀ ਨੀ ਬਣਾਇਆ, ਸਗੋਂ ਹੁਣ ਉਨ੍ਹਾਂ ਦੀ ਤੂਤੀ ਪੂਰੇ ਸੰਸਾਰ ਵਿੱਚ ਬੋਲਦੀ ਹੈ।

ਬੁਰ ਦੁਬਈ ਦੇ ਮੀਨਾ ਬਾਜ਼ਾਰ ਦਾ ਆਨੰਦ ਮਾਣਦਿਆਂ ਅਸੀਂ ਸੋਸ਼ਲ ਮੀਡੀਆ 'ਤੇ ਮਸ਼ਹੂਰ 'ਬੜਾ ਭਾਈ, ਛੋਟਾ ਭਾਈ' ਦੀ 'ਜ਼ਮ ਜ਼ਮ ਇਲੈਕਟ੍ਰਾਨਿਕ' ਵੀ ਗਏ। ਬਦਕਿਸਮਤੀ ਨਾਲ ਉਹ ਸਾਨੂੰ ਉਥੇ ਨਹੀਂ ਮਿਲੇ, ਪਰ ਉਨ੍ਹਾਂ ਦੇ ਵਾਲਿਦ ਨੇ ਸਾਡਾ ਇਸਤਗਬਾਲ ਕੀਤਾ।

ਬੁਰ ਦੁਬਈ ਤੋਂ ਕਿਸ਼ਤੀ ਰਾਹੀਂ ਕਰੀਕ ਪਾਰ ਕਰਦਿਆਂ ਦੁਬਈ ਦੀ ਸਭ ਤੋਂ ਵੱਡੀ ਗੋਲਡ ਮਾਰਕਿਟ ਗੋਲਡ ਸੂਕ ਪਹੁੰਚੇ। ਇਥੋਂ ਦੇ ਜ਼ਿਆਦਾਤਰ ਸੁਨਿਆਰੇ ਭਾਰਤੀ ਹਨ। ਸੈਲਾਨੀ ਘੁੰਮਣ-ਫਿਰਨ ਦੇ ਨਾਲ-ਨਾਲ ਸੋਨਾ ਖਰੀਦਣ ਨੂੰ ਵੀ ਤਰਜੀਹ ਦਿੰਦੇ ਹਨ, ਕਿਉਂਕਿ ਦੁਬਈ ਵਿੱਚ ਟੈਕਸਾਂ 'ਤੇ ਛੋਟ ਕਾਰਨ ਸੋਨੇ ਦੀਆਂ ਕੀਮਤਾਂ ਹਮੇਸ਼ਾਂ ਕਫਾਇਤੀ ਰਹੀਆਂ ਹਨ। ਗੋਲਡ ਮਾਰਕਿਟ ਵਿੱਚ ਦੁਨੀਆਂ ਦੇ ਸਭ ਤੋਂ ਵਧੀਆ ਸੋਨੇ ਦੇ ਗਹਿਣਿਆਂ ਦੇ ਡਿਜ਼ਾਈਨ ਮਿਲਣਗੇ। ਇੱਥੋਂ ਦਾ ਚਮਕਦਾਰ ਸੋਨਾ ਤੁਹਾਨੂੰ ਕਿਤੇ ਨਹੀਂ ਮਿਲੇਗਾ। ਹੋਰ ਵੀ ਬਹੁਤ ਸਾਰੇ ਬਾਜ਼ਾਰ ਹਨ। ਜੇ ਤੁਸੀਂ ਪਰਫਿਊਮ ਲਾਉਣ ਦੇ ਸ਼ੌਕੀਨ ਹੋ, ਤਾਂ ਬੁਰ ਦੁਬਈ ਦੇ ਲੋਕਲ ਬਾਜ਼ਾਰਾਂ ਦਾ ਦੌਰਾ ਜ਼ਰੂਰ ਕਰਨਾ ਚਾਹੀਦਾ ਹੈ। ਇੱਥੇ ਇੱਕ ਵਾਰ ਰਵਾਇਤੀ ਅਰਬੀ ਇੱਤਰ ਦੀ ਵਰਤੋਂ ਕਰਨ ਤੋਂ ਬਾਅਦ ਤੁਹਾਨੂੰ ਮਹਿੰਗੇ ਪਰਫਿਊਮ ਵੀ ਪਸੰਦ ਨਹੀਂ ਆਉਣਗੇ। ਅਲ ਬਹਾਰ ਮਾਰਕੀਟ ਬੁਰ ਦੁਬਈ ਦੇ ਸਭ ਤੋਂ ਵੱਡੇ ਸ਼ਾਪਿੰਗ ਮਾਲ ਵਜੋਂ ਮਸ਼ਹੂਰ ਹੈ। ਇੱਥੇ ਬਹੁਤ ਸਾਰੇ ਰਵਾਇਤੀ ਅਰਬ ਬਾਜ਼ਾਰ ਵੀ ਹਨ, ਜਿੱਥੇ ਮੇਕਅਪ ਦੇ ਸਾਰੇ ਸਮਾਨ ਮਿਲ ਜਾਣਗੇ।

ਤਰਕਾਲਾਂ ਵੇਲਾ ਯੂਨੀਵਰਸਿਟੀ ਆਫ਼ ਸ਼ਾਰਜਾਹ ਘੁੰਮਣ ਦਾ ਸੀ, ਕਿਉਂਕਿ ਗਰਮੀ ਦੇ ਚਲਦਿਆਂ ਜ਼ਿਆਦਾਤਰ ਕਲਾਸਾਂ ਅਤੇ ਖੇਡ ਗਤੀਵਿਧੀਆਂ ਸ਼ਾਮਾਂ ਨੂੰ ਹੀ ਹੋ ਰਹੀਆਂ ਸਨ। ਯੂਨੀਵਰਸਿਟੀ ਆਫ਼ ਸ਼ਾਰਜਾਹ ਬੜੀ ਖੁੱਲ੍ਹੀ-ਡੁੱਲ੍ਹੀ ਅਤੇ ਸਾਫ਼ ਸੁਥਰੀ ਯੂਨੀਵਰਸਿਟੀ ਹੈ। ਇੱਥੇ ਤਕਰੀਬਨ ਹਰ ਇੱਕ ਵਿਸ਼ੇ ਨੂੰ ਪੜ੍ਹਾਇਆ ਜਾਂਦਾ ਹੈ, ਦੁਨੀਆਂ ਭਰ ਤੋਂ ਨਾਮਵਰ ਪ੍ਰੋਫੈਸਰ ਇਥੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ, ਜਿਨ੍ਹਾਂ ਵਿੱਚ ਕਈ ਭਾਰਤੀ ਵੀ ਸ਼ਾਮਿਲ ਹਨ। ਯੂਨੀਵਰਸਿਟੀ ਘੁੰਮਦਿਆਂ ਕਈ ਡਿਪਾਰਟਮੈਂਟ ਦੇਖੇ ਅਤੇ ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਦੁਨੀਆਂ ਦੀ ਹਰ ਉਮਦਾ ਸਹੂਲਤਾਂ ਯੂਨੀਵਰਸਿਟੀ ਵਿੱਚ ਮੌਜੂਦ ਸੀ। ਨਾ ਇੱਥੇ ਸੱਤਵੇਂ ਪੇਅ ਕਮਿਸ਼ਨ ਲਈ ਧਰਨੇ ਲਗਦੇ, ਨਾ ਹੀ ਗ੍ਰਾਂਟਾਂ ਦਾ ਰੌਲਾ!

ਖੇਡ ਵਿਭਾਗ ਵਿੱਚ ਵੀ ਗਰਾਊਂਡਾਂ ਅਤੇ ਹੋਰ ਖੇਡ ਸਹੂਲਤਾਂ ਆਲਮੀ ਦਰਜੇ ਦੀਆਂ ਹਨ। ਫੁੱਟਬਾਲ ਗਰਾਊਂਡ ਵਿੱਚ ਪ੍ਰੈਕਟਿਸ ਕਰਵਾਉਂਦੇ ਫੁੱਟਬਾਲ ਕੋਚ ਰਾਸ਼ੀਦ ਨਾਲ ਗੱਲਬਾਤ ਕੀਤੀ, ਕਈ ਨਵੀਆਂ ਗੱਲਾਂ ਸਿੱਖਣ ਨੂੰ ਮਿਲੀਆਂ। ਯੂਨੀਵਰਸਿਟੀ ਦੇਖ ਕੇ ਲੱਗ ਰਿਹਾ ਸੀ, ਜਿਹੜੀਆਂ ਕੌਮਾਂ ਆਪਣੀ ਤਾਲੀਮ ਨੂੰ ਲੈ ਕੇ ਸੋਚਦੀਆਂ ਹਨ, ਉਨ੍ਹਾਂ ਨੂੰ ਕਾਮਯਾਬ ਹੋਣ ਤੋਂ ਕੌਣ ਰੋਕ ਸਕਦਾ!


ਅਗਲੇ ਦਿਨ ਅਲ ਏਨ ਦੁਬਈ, ਬਲੂਵਾਟਰਜ਼ ਆਈਲੈਂਡ ਵਿਖੇ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਉੱਚਾ ਫੇਰਿਸ ਵ੍ਹੀਲ ਵੇਖਣ ਗਏ। ਇਹ ਮਾਰਚ 2022 ਤੋਂ ਰੱਖ-ਰਖਾਅ ਲਈ ਬੰਦ ਕਰ ਦਿੱਤਾ ਗਿਆ ਸੀ। ਪਹਿਲਾਂ ਇਸ ਨੂੰ 2023 ਦੀ ਪਹਿਲੀ ਤਿਮਾਹੀ ਵਿੱਚ ਖੋਲ੍ਹਣ ਦਾ ਪ੍ਰਸਤਾਵ ਸੀ, ਪਰ ਕਿਸੇ ਕਾਰਨ ਨਹੀਂ ਸੀ ਚੱਲਿਆ। ਅਲ ਏਨ ਬਹੁਤ ਮਨਮੋਹਕ ਤੇ ਹਰਾ ਭਰਾ ਬੀਚ ਹੈ। ਇਹ ਦੁਬਈ ਆਉਣ ਵਾਲੇ ਸੈਲਾਨੀਆਂ ਦੀ ਪਸੰਦੀਦਾ ਥਾਂਵਾਂ ਵਿੱਚੋਂ ਇੱਕ ਹੈ। ਅਲ ਏਨ ਨੂੰ ਗਾਰਡਨ ਸਿਟੀ ਆਫ਼ ਦੁਬਈ ਵੀ ਕਿਹਾ ਜਾਂਦਾ ਹੈ। ਉਥੋਂ ਵਾਪਿਸੀ 'ਤੇ ਅਸੀਂ ਬਤੂਤਾ ਮਾਲ ਗਏ। ਇਬਨ ਬਤੂਤਾ ਮਾਲ ਇੱਕ ਮੋਰੱਕੋ ਦੇ ਵਿਦਵਾਨ ਇਬਨ ਬਤੂਤਾ ਦੀ ਯਾਦ ਵਿੱਚ ਬਣਾਇਆ ਗਿਆ ਹੈ, ਜੋ ਆਪਣੀਆਂ ਯਾਤਰਾਵਾਂ ਅਤੇ ਬੁੱਧੀ ਲਈ ਜਾਣਿਆ ਜਾਂਦਾ ਹੈ। ਇਸ ਮਾਲ ਨੂੰ ਬਹੁਤ ਖੂਬਸੂਰਤੀ ਨਾਲ਼ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਖੋਜੀ ਦੇ ਜੀਵਨ ਅਤੇ ਯਾਤਰਾਵਾਂ ਨੂੰ ਸਮਰਪਿਤ ਕੁੱਲ 6 ਥੀਮ ਬਣਾਏ ਗਏ ਹਨ: ਬਤੂਤਾ ਦਾ ਐਂਡਾਲੂਸੀਆ ਕੋਰਟ, ਚਾਈਨਾ ਕੋਰਟ, ਮਿਸਰ ਕੋਰਟ, ਇੰਡੀਆ ਕੋਰਟ, ਪਰਸ਼ੀਆ ਕੋਰਟ ਅਤੇ ਟਿਊਨੀਸ਼ੀਆ ਕੋਰਟ। ਇਹ ਦੁਬਈ ਦੇ ਪ੍ਰਮੁੱਖ ਆਕਰਸ਼ਣਾਂ ਵਿੱਚੋਂ ਇੱਕ ਹੈ। ਮਰੀਨਾ ਕਰੂਜ਼ ਰਾਹੀਂ ਰਾਤ ਵੇਲੇ ਦੁਬਈ ਦੀਆਂ ਗਗਨ ਚੁੰਬੀ ਇਮਾਰਤਾਂ ਦੀ ਰੰਗੀਨੀਆਂ ਦਾ ਅਦਭੁੱਤ ਨਜ਼ਾਰਾ ਦੇਖਣ ਵਾਲਾ ਸੀ। ਦੁਬਈ ਮਰੀਨਾ ਫਾਰਸ ਦੀ ਖਾੜੀ ਉੱਤੇ ਬਣਾਇਆ ਗਿਆ ਨਹਿਰੀ ਸ਼ਹਿਰ ਹੈ। ਦੁਬਈ ਕਰੀਕ ਦੇ ਨਾਲ-ਨਾਲ ਕਰੂਜ਼ ਸਫ਼ਰ ਕਰਦਿਆਂ ਪਾਰਕ ਆਈਲੈਂਡ ਅਤੇ ਮਰੀਨਾ ਪ੍ਰੋਮੇਨੇਡ ਵਰਗੇ ਕੁਝ ਮਸ਼ਹੂਰ ਆਕਰਸ਼ਣਾਂ ਦੀ ਝਲਕ ਦੇਖਣ ਨੂੰ ਮਿਲਦੀ ਹੈ।

ਸੱਤਵੇਂ ਦਿਨ ਦੁਬਈ ਦੇ ਮਾਲ ਆਫ਼ ਐਮੀਰਟਸ ਵਿੱਚ ਜਾ ਕੇ ਬਰਫ਼ 'ਤੇ ਸਕੀਇੰਗ ਕਰਨ ਦਾ ਪ੍ਰੋਗਰਾਮ ਸੀ। ਲਗਦਾ ਸੀ, ਜਿਵੇਂ ਅੰਟਾਰਟਿਕਾ ਪਹੁੰਚ ਗਏ ਹੋਵੋ। ਅੰਦਰ ਜਾਂਦੇ ਹੀ ਇੱਕ ਪਾਸੇ ਪੈਂਗੁਇਨ ਕੁਰਬਲ-ਕੁਲਬਲ ਕਰਦੇ ਨਜ਼ਰ ਆਉਂਦੇ ਹਨ। ਦੁਬਈ ਮਾਲ ਦੇ ਅੰਦਰ ਸਥਿਤ 'ਸਕੀਅ ਦੁਬਈ' ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਇਨਡੋਰ ਸਕੀਅ ਰਿਜ਼ੋਰਟ ਹੈ ਅਤੇ ਮੱਧ ਪੂਰਬ ਵਿੱਚ ਖੁੱਲ੍ਹਣ ਵਾਲਾ ਪਹਿਲਾ ਸਕੀਅ ਰਿਜ਼ੋਰਟ ਵੀ। ਇਹ 22,500 ਵਰਗ ਮੀਟਰ ਵਿੱਚ ਫੈਲਿਆ ਹੈ ਅਤੇ ਇੱਥੇ ਦੁਬਈ ਦੀ ਚੰਮ ਸਾੜਵੀਂ ਤਪਸ਼ ਦੇ ਉਲਟ ਸਾਰਾ ਸਾਲ ਤਕਰੀਬਨ 6000 ਹਜ਼ਾਰ ਟਨ ਬਰਫ਼ ਜੰਮੀ ਰਹਿੰਦੀ ਹੈ। ਕੁਦਰਤ ਦੇ ਨਿਜ਼ਾਮ ਦੇ ਉਲਟ ਦੁਬਈ ਵਰਗੀ ਗਰਮ ਜਲਵਾਯੂ ਦੇ ਵਿੱਚ ਬਰਫੀਲੇ ਇਲਾਕੇ ਦਾ ਅਹਿਸਾਸ ਆਪਣੇ ਆਪ ਵਿੱਚ ਕਾਬਿਲ-ਏ-ਤਾਰੀਫ਼ ਹੈ।


ਸ਼ਾਮ ਨੂੰ ਪਾਮ ਜੁਮੇਰਾਹ ਘੁੰਮਣ ਗਏ। ਇਹ ਫ਼ਾਰਸ ਦੀ ਖਾੜੀ ਉੱਤੇ ਬਣਾਇਆ ਗਿਆ ਟਾਪੂ ਹੈ। ਇਹ ਪਾਮ ਆਈਲੈਂਡਜ਼ ਨਾਮੀਂ ਵਿਕਾਸ ਦੀ ਇੱਕ ਵੱਡੀ ਲੜੀ ਦਾ ਹਿੱਸਾ ਹੈ, ਜਿਸ ਵਿੱਚ ਪਾਮ ਜੇਬਲ ਅਲੀ ਅਤੇ ਪਾਮ ਡੇਰਾ ਵੀ ਸ਼ਾਮਲ ਹਨ। ਪਾਮ ਜੁਮੇਰਾਹ ਇਸ ਸੰਸਾਰ ਦੀਆਂ ਸਭ ਤੋਂ ਮਹਿੰਗੀਆਂ ਥਾਂਵਾਂ ਵਿੱਚੋਂ ਇੱਕ ਹੈ। ਪਾਮ ਜੁਮੇਰਾਹ ਵਿੱਚ ਵਿਸ਼ਵ ਦੀਆਂ ਨਾਮਵਰ ਸ਼ਖ਼ਸੀਅਤਾਂ ਦੇ ਘਰ ਹਨ। ਭਾਰਤ ਵਿੱਚੋਂ ਸ਼ਾਹਰੁਖ ਖਾਨ ਤੇ ਅੰਬਾਨੀਆਂ ਨੇ ਸਭ ਤੋਂ ਪਹਿਲਾਂ ਇੱਥੇ ਘਰ ਖਰੀਦਿਆ ਸੀ। ਪਾਮ ਜੁਮੇਰਾਹ ਵਿੱਚ ਹੀ ਦੁਨੀਆਂ ਦਾ ਸਭ ਤੋਂ ਲਗਜ਼ਰੀ ਸੱਤ ਤਾਰਾ ਹੋਟਲ ਬੁਰਜ ਅਲ ਅਰਬ ਬਣਿਆ ਹੋਇਆ ਹੈ। ਮਨੁੱਖ ਦੁਆਰਾ ਬਣਾਏ ਪਾਮ ਆਈਲੈਂਡ ਨੂੰ 20 ਸਾਲਾਂ ਤੋਂ ਵੱਧ ਸਮਾਂ ਲਾ ਕੇ ਬਣਾਇਆ ਗਿਆ ਹੈ ਅਤੇ ਇਹ ਦੁਨੀਆਂ ਭਰ ਦੇ ਸੈਲਾਨੀਆਂ ਲਈ ਇੱਕ ਅਜੂਬਾ ਹੈ। ਇਸ ਦੀ ਵਿਸ਼ਾਲ ਬਣਤਰ ਨੂੰ ਦੇਖਣ ਲਈ ਸੈਲਾਨੀਆਂ ਨੂੰ ਹੈਲੀਕਾਪਟਰ ਦਾ ਸਹਾਰਾ ਲੈਣਾ ਪੈਂਦਾ ਹੈ ਜਾਂ ਲੋਕ ਇਸ ਵਿਸ਼ਾਲ ਢਾਂਚੇ ਨੂੰ ਦੇਖਣ ਲਈ ਪਲੇਨ ਜੰਪਿੰਗ ਵੀ ਕਰਦੇ ਹਨ। ਹਾਲਾਂਕਿ ਹੁਣ ਪਾਮ ਆਈਲੈਂਡ ਬਣਾਉਣ ਵਾਲੀ ਕੰਪਨੀ ਨਖੇਲ ਨੇ 52 ਮੰਜ਼ਿਲਾ ਇਮਾਰਤ ਵੀ ਬਣਾਈ ਹੈ, ਜਿਸ 'ਤੇ ਲੋਕ ਪਾਮ ਆਈਲੈਂਡ ਦੇਖਣ ਲਈ ਚੜ੍ਹਦੇ ਹਨ। ਇਸ ਨੂੰ ਇਸ ਸਾਲ ਅਪਰੈਲ 'ਚ ਖੋਲ੍ਹਿਆ ਗਿਆ ਹੈ ਅਤੇ ਲੋਕਾਂ ਨੇ ਇਸ ਨੂੰ 'ਵਿਊ ਐਟ ਪਾਮ' ਕਹਿਣਾ ਸ਼ੁਰੂ ਕਰ ਦਿੱਤਾ ਹੈ। ਪਾਮ ਜੁਮੇਰਾਹ ਦੀ ਬਾਕਮਾਲ ਇੰਜੀਨੀਅਰਿੰਗ ਨੂੰ ਵੇਖ ਕੇ ਲਿਖਣ ਲਈ ਕੋਈ ਸ਼ਬਦ ਨਹੀਂ ਰਹਿ ਜਾਂਦਾ, ਇਸ ਨੂੰ ਤਾਂ ਸਿਰਫ਼ ਉਥੇ ਜਾ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ।

ਵਕਤ ਦੀਆਂ ਸੂਈਆਂ 'ਤੇ ਕਿਸੇ ਦਾ ਜ਼ੋਰ ਨਹੀਂ। ਸ਼ੇਖਾਂ ਵਲੋਂ ਵਸਾਈ ਜੰਨਤ-ਉਲ-ਫਿਰਦੌਸ ਦੁਬਈ ਵਿੱਚ ਗੁਜ਼ਰ ਰਹੇ ਹਸੀਨ ਪਲਾਂ ਨੂੰ ਪਾਵੇ ਨਾਲ਼ ਬੰਨਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ...। ਦੁਬਈ ਵਿੱਚੋਂ ਮੇਰਾ ਅੰਨ-ਜਲ ਵੀ ਮੁੱਕ ਚੱਲਿਆ ਸੀ। ਅੱਠਵੇਂ ਦਿਨ ਦਾ ਅੰਨ-ਜਲ ਪਾਕਿਸਤਾਨੀ ਰੈਸਟੋਰੈਂਟ ਵਿਖੇ ਛਕਿਆ, ਜਿੱਥੇ ਉਨ੍ਹਾਂ ਦੇ ਖੁਸ਼ਮਿਜਾਜ ਖਾਨਸਾਮੇ, ਜਿਸ ਨੂੰ ਸਾਰੇ ਭਾਈਆ ਆਖ ਬੁਲਾ ਰਹੇ ਸਨ, ਦੇ ਹੱਥਾਂ ਦੇ ਬਣੇ ਲਜ਼ੀਜ਼ ਪਰੌਂਠੇ ਖਾਧੇ। ਫਿਰ ਸ਼ਾਰਜਾਹ ਦੇ ਲੋਕਲ ਬਾਜ਼ਾਰ ਦੀਆਂ ਗਲੀਆਂ ਵਿੱਚ ਕਰੀਬ 5 ਕਿਲੋਮੀਟਰ ਪੈਦਲ ਯਾਤਰਾ ਕਰ ਸ਼ਰੀਕ-ਏ-ਹਯਾਤ ਨੂੰ ਖੁਸ਼ ਕਰਨ ਲਈ ਜ਼ਰੂਰੀ ਖਰੀਦ-ਓ-ਫਰੋਖ਼ਤ ਕੀਤੀ ਅਤੇ ਮੁੜ ਫਲੈਟ ਵਿੱਚ ਆ ਪੈਕਿੰਗ ਵਿੱਚ ਰੁੱਝ ਗਿਆ। ਸ਼ਾਰਜਾਹ ਏਅਰਪੋਰਟ ਤੋਂ ਵਤਨਾਂ ਵੱਲ ਉਡਾਣ ਤਾਂ ਭਰ ਲਈ ਸੀ, ਪਰ ਮੇਰੀ ਰੂਹ ਹਾਲੇ ਵੀ ਕਿਤੇ ਨਾ ਕਿਤੇ ਦੁਬਈ ਦੇ ਮੁਖ਼ਤਲਿਫ਼ ਆਲਮੀ ਅਜੂਬਿਆਂ ਵਿੱਚ 'ਯਾਲਾਹ ਹਬੀਬੀ' 'ਯਾਲਾਹ ਹਬੀਬੀ'; 'ਮਰਹਬਾ' 'ਮਰਹਬਾ' ਕਰਦੀ ਭਟਕ ਰਹੀ ਸੀ!

**ਗੁਰਦੁਆਰਾ ਗੁਰੂ ਨਾਨਕ ਦਰਬਾਰ (ਜੇਬੇਲ ਅਲੀ)**



ਪਾਮ ਜੁਮੇਰਾਹ



-0-

**ਪਾਮ ਜੁਮੇਰਾਹ ਇਸ ਸੰਸਾਰ ਦੀਆਂ ਸਭ ਤੋਂ ਮਹਿੰਗੀਆਂ ਥਾਂਵਾਂ ਵਿੱਚੋਂ ਇੱਕ ਹੈ**

-0-

ਫਰਾਰੀ ਵਰਲਡ



# ਪਾਖੰਡਵਾਦ 'ਚ ਉਲਝਿਆ ਅਜੋਕਾ ਮਨੁੱਖ



ਡਾ. ਗੁਰਤੇਜ ਸਿੰਘ
ਫੋਨ: +91-9517396001

ਅੱਜ ਪੰਜਾਬ ਦੇ ਬਹੁਤੇ ਘਰਾਂ ਦਾ ਮਾਹੌਲ ਵਿਗੜਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਸ਼ਰਾਬ ਪੀਣਾ ਜਾਂ ਹੋਰ ਨਸ਼ੇ ਕਰਨਾ ਹੈ। ਨਸ਼ੇ ਪੰਜਾਬ ਨੂੰ ਅਜਿਹੇ ਘੁਣ ਵਾਂਗ ਲੱਗ ਗਏ ਹਨ ਕਿ ਪਰਿਵਾਰਾਂ ਦੇ ਪਰਿਵਾਰ ਟੁੱਟ ਰਹੇ ਹਨ। ਕਿਸੇ ਘਰ ਦਾ ਇੱਕੋ-ਇੱਕ ਕਮਾਉਣ ਵਾਲਾ ਨਸ਼ੇ ਦਾ ਆਦੀ ਹੋ ਜਾਂਦਾ ਹੈ ਅਤੇ ਅੰਤ ਇਸੇ ਵਿੱਚ ਗ਼ਲਤਾਨ ਹੋਇਆ ਦਮ ਤੋੜ ਜਾਂਦਾ ਹੈ; ਪਿੱਛੇ ਪਰਿਵਾਰ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਸਮੱਸਿਆ ਦਾ ਅਸਲ ਕਾਰਨ ਤੇ ਉਸ ਦੇ ਹੱਲ ਲਈ ਯਤਨ ਕਰਨ ਨਾਲੋਂ ਲੋਕ ਫ਼ਾਲਤੂ ਚੀਜ਼ਾਂ ਦਾ ਸਹਾਰਾ ਲੈ ਰਹੇ ਹਨ। ਘਰ ਵਿੱਚ ਅਜਿਹਾ ਕੁਝ ਹੋਣ 'ਤੇ ਇਹ ਸਮਝਿਆ ਜਾਂਦਾ ਹੈ ਕਿ ਘਰ ਉੱਪਰ ਕਿਸੇ ਓਪਰੀ ਛਾਇਆ ਦਾ ਅਸਰ ਹੈ ਜਾਂ ਕਿਸੇ ਨੇ ਕਾਲਾ ਜਾਦੂ ਕਰਵਾ ਦਿੱਤਾ, ਆਦਿ। ਇਨ੍ਹਾਂ ਕਾਲਪਨਿਕ ਬਲਾਵਾਂ ਤੋਂ ਪਿੱਛਾ ਛੁਡਵਾਉਣ ਲਈ ਤਾਂਤਰਿਕਾਂ, ਅਖੌਤੀ ਬਾਬਿਆਂ ਦਾ ਸਹਾਰਾ ਲਿਆ ਜਾਂਦਾ ਹੈ। ਅਜਿਹੇ ਅਖੌਤੀ ਬਾਬੇ ਜਾਂ ਤਾਂਤਰਿਕ ਲੋਕ ਗ਼ਲਤ ਤੇ ਫ਼ਾਲਤੂ ਦੀਆਂ ਗੱਲਾਂ ਵਿੱਚ ਆਮ ਲੋਕਾਂ ਨੂੰ ਫਸਾ ਲੈਂਦੇ ਹਨ। ਜਿਵੇਂ ਘਰ ਦੇ ਕਿਸੇ ਚਾਰ ਪੰਜ ਸਾਲ ਦੇ ਬੱਚੇ ਦੇ ਅੰਗੂਠੇ ਵਿੱਚ ਫੋਟੋ ਦਿਖਾ ਕੇ ਪਰਿਵਾਰ ਨੂੰ ਭਰਮਾ ਲਿਆ ਜਾਂਦਾ ਹੈ (ਇਸ ਵਿੱਚ ਅੰਗੂਠੇ ਦੇ ਨਹੁੰ ਉੱਪਰ ਤੇਲ ਲਾ ਦਿੱਤਾ ਜਾਂਦਾ ਹੈ ਤੇ ਉਸ ਤੇਲ ਵਿੱਚ ਆਲੇ-ਦੁਆਲੇ ਹੋਣ ਵਾਲਾ ਸਭ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਛੋਟਾ ਬੱਚਾ ਸੱਚ ਮੰਨ ਲੈਂਦਾ ਹੈ)। ਇਸ ਸਭ ਤੋਂ ਤਾਂਤਰਿਕ ਗੱਲਾਂ-ਗੱਲਾਂ ਵਿੱਚ ਇਹ ਜਾਣ ਲੈਂਦਾ ਹੈ ਕਿ ਘਰ ਵਾਲਿਆਂ ਦੇ ਮਨ ਵਿੱਚ ਕਿਸ ਵਿਅਕਤੀ ਪ੍ਰਤੀ ਸ਼ੱਕ ਹੈ। ਇਹ ਜਾਣਨ ਤੋਂ ਬਾਅਦ ਉਹ ਮਨਘੜਤ ਕਹਾਣੀ ਬਣਾ ਸਾਰਾ ਦੋਸ਼ ਉਸ ਵਿਅਕਤੀ ਸਿਰ ਮੜ ਦਿੰਦਾ ਹੈ। ਇਸ ਦੇ ਇਲਾਜ ਲਈ ਕਾਗ਼ਜ਼ ਉੱਤੇ ਪੁੱਠੇ ਸਿੱਧੇ ਅੱਖਰ ਵਾਹ ਕੇ ਤਵੀਤ ਬਣਾ ਕੇ ਦਿੱਤੇ ਜਾਂਦੇ ਹਨ, ਜੋ ਘਰ ਦੇ ਦਰਵਾਜ਼ੇ ਨਾਲ ਬੰਨਣ ਤੇ ਪਾਣੀ ਵਿੱਚ ਘੋਲ ਕੇ ਪੀਣ ਆਦਿ ਲਈ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਸਮਾਜ 'ਚ ਆਮ ਹਨ ਤੇ ਜ਼ਿਆਦਾਤਰ ਲੋਕਾਂ ਨਾਲ ਸਬੰਧਤ ਹਨ। ਕੁਝ ਚਲਾਕ ਲੋਕ ਅੱਜ ਪਾਖੰਡਵਾਦ ਅਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣਾ ਤੋਰੀ-ਫੁਲਕਾ ਚਲਾ ਰਹੇ ਹਨ।

ਹਰ ਪਿੰਡ ਸ਼ਹਿਰ ਵਿੱਚ ਇਨ੍ਹਾਂ (ਤਾਂਤਰਿਕਾਂ) ਦੇ ਅੱਡੇ ਹਨ, ਜਿੱਥੇ ਇਹ ਆਪਣਾ ਗੋਰਖਧੰਦਾ ਚਲਾਉਂਦੇ ਹਨ। ਇਨ੍ਹਾਂ ਦੇ ਜਾਲ ਦੇ ਤੰਦ ਇੰਨੇ ਬਾਰੀਕ ਹੁੰਦੇ ਹਨ, ਅਨਪੜ੍ਹ ਤਾਂ ਕੀ ਪੜ੍ਹੇ-ਲਿਖੇ ਲੋਕ ਵੀ ਇਸ ਵਿੱਚ ਫਸ ਜਾਂਦੇ ਹਨ। ਪਤਾ ਨਹੀਂ ਲੋਕ ਕਿਹੜੀ ਜੰਨਤ ਦੀ ਲਾਲਸਾ ਵਿੱਚ ਅਜੋਕੇ ਸਮੇਂ ਵੀ ਢੋਂਗੀਆਂ ਤੋਂ ਆਪਣੀ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਭੂਤਾਂ ਕੱਢਣ ਦੇ ਨਾਮ ਉੱਤੇ ਇਹ ਰੋਗੀ ਦੀ ਬੇਰਹਿਮੀ ਨਾਲ ਮਾਰ ਕੁਟਾਈ ਕਰਦੇ ਹਨ ਤੇ ਖ਼ਤਰਨਾਕ ਤਸੀਹੇ ਤੱਕ ਦਿੰਦੇ ਹਨ, ਜਿਸ ਨਾਲ ਕਈ ਵਾਰ ਵਿਅਕਤੀ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀਆਂ ਤਾਜ਼ਾ ਉਦਾਹਰਨਾਂ ਦਿੱਲੀ ਅਤੇ ਕੇਰਲਾ 'ਚ ਇੱਕੋ ਪਰਿਵਾਰ ਦੇ ਸਾਰੇ ਜੀਆਂ ਦਾ ਭੇਦਭਰੀ ਹਾਲਤ ਵਿੱਚ ਛੱਤ ਨਾਲ ਲਟਕਦੇ ਮਿਲਣਾ ਹੈ। ਕੁਝ ਸਾਲ ਪਹਿਲਾਂ ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਨੇ ਅੱਠ-ਦਸ ਸਾਲ ਦੀ ਬੱਚੀ ਨੂੰ ਭੂਤ ਕੱਢਣ ਦੇ ਨਾਂ 'ਤੇ ਚਿਮਟੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਉਸ ਸਮੇਂ ਪਿੰਡ ਦੀ ਸਰਪੰਚ ਸੀ ਅਤੇ ਸ਼ਰੇਆਮ ਭੀੜ 'ਚ ਇਸ ਘਿਨੌਣੇ ਕਾਰੇ ਨੂੰ ਅੰਜਾਮ ਦਿੱਤਾ ਗਿਆ ਸੀ। ਰੋਗੀ ਕੁੜੀ ਲੋਕਾਂ ਤੋਂ ਪਾਣੀ ਮੰਗਦੀ ਰਹੀ, ਪਰ ਤਮਾਸ਼ਬੀਨ ਭੀੜ ਨੇ ਪਾਣੀ ਦੀ ਘੁੱਟ ਉਸ ਨੂੰ ਨਹੀਂ ਸੀ ਦਿੱਤੀ।

ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ 'ਚ ਅੱਠ ਮਾਰਚ 2017 ਨੂੰ ਵਾਪਰੀ ਮੰਦਭਾਗੀ ਘਟਨਾ ਵਿੱਚ ਅੰਧਵਿਸ਼ਵਾਸੀ ਕਲਯੁਗੀ ਦਾਦੀ ਅਤੇ ਪਿਤਾ ਨੇ ਕਿਸੇ ਕਾਮਨਾ ਦੀ ਪੂਰਤੀ ਲਈ ਆਪਣੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ ਸੀ। ਬੱਚਿਆਂ ਨੂੰ ਬਚਾਉਣ ਆਈ ਉਨ੍ਹਾਂ ਦੀ ਮਾਂ ਨੂੰ ਵੀ ਮਾਰਨ ਦੀ



ਕੋਸ਼ਿਸ਼ ਕੀਤੀ ਗਈ ਸੀ। 14 ਜੁਲਾਈ 2023 ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ ਵਿੱਚ ਦਸ ਸਾਲ ਦੀ ਬੱਚੀ ਦੀ ਬਲੀ ਉਸ ਦੇ ਆਪਣੇ ਰਿਸ਼ਤੇਦਾਰਾਂ ਨੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਦਿੱਤੀ ਸੀ। ਦਰਅਸਲ ਉਸ ਪਰਿਵਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਉਸ ਨੂੰ ਚਲਾਉਣ ਲਈ ਉਕਤ ਤਾਂਤਰਿਕ ਨੇ ਪਰਿਵਾਰ ਨੂੰ ਬੱਚੀ ਦੀ ਬਲੀ ਦੇਣ ਲਈ ਉਕਸਾਇਆ ਸੀ।

ਅਜੋਕੇ ਵਿਗਿਆਨਕ ਅਤੇ ਅਗਾਂਹਵਧੂ ਯੁੱਗ 'ਚ ਅਜਿਹੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਆਪਣੇ-ਆਪ 'ਚ ਮੰਦਭਾਗਾ ਹੈ। ਲੋਕਾਂ ਦੀ ਸੌੜੀ ਮਾਨਸਿਕਤਾ ਦਾ ਇਹ ਪਾਖੰਡੀ ਖ਼ੂਬ ਫ਼ਾਇਦਾ ਉਠਾਉਂਦੇ ਹਨ। ਮੁੰਡੇ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਗੋਲੀ (ਦਵਾਈ) ਦਿੰਦੇ ਹਨ ਤੇ ਦਾਅਵਾ ਕਰਦੇ ਹਨ ਕਿ ਇਸ ਨਾਲ ਪੁੱਤਰ ਦੀ ਪ੍ਰਾਪਤੀ ਹੋਵੇਗੀ। ਅਸਲ ਵਿੱਚ ਜੋ ਇਹ ਦਵਾਈ ਦਿੰਦੇ ਹਨ, ਉਸ ਵਿੱਚ ਟੈਸਟੋਸਟੀਰੋਨ (ਆਦਮੀ ਦਾ ਸੈਕਸ ਹਾਰਮੋਨ) ਦੀ ਮਾਤਰਾ ਕਾਫ਼ੀ ਹੁੰਦੀ ਹੈ, ਜਿਸ ਕਾਰਨ ਕਈ ਵਾਰ ਬੱਚੇ ਅਸਾਧਾਰਨ ਪੈਦਾ ਹੁੰਦੇ ਹਨ। ਔਰਤ ਨੂੰ ਇਕੱਲਿਆਂ ਦਵਾਈ ਦੇਣ ਦੇ ਬਹਾਨੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਜੇ ਉਹ ਔਰਤ ਆਪਣੇ ਪਰਿਵਾਰਕ ਮੈਂਬਰਾਂ ਨੂੰ ਉਸ ਪਾਖੰਡੀ ਦੀ ਕਰਤੂਤ ਦੱਸਦੀ ਵੀ ਹੈ, ਤਾਂ ਵੀ ਪਰਿਵਾਰ ਅੰਨੀ ਸ਼ਰਧਾ ਦੇ ਵੱਸ 'ਚ ਹੋਣ ਕਾਰਨ ਉਸ ਦਾ ਯਕੀਨ ਨਹੀਂ ਕਰਦਾ ਹੈ; ਤੇ ਪਾਖੰਡੀ ਬਚ ਨਿਕਲਦਾ ਹੈ। ਜੇ ਉਹ ਔਰਤ ਇਸ ਸ਼ੋਸ਼ਣ ਖ਼ਿਲਾਫ਼ ਮੂੰਹ ਖੋਲ੍ਹਦੀ ਹੈ ਤਾਂ ਇਹ ਚਲਾਕ ਲੋਕ ਉਸ ਦੇ ਪਰਿਵਾਰ ਦੇ ਦਿਮਾਗ 'ਚ ਇਹ ਕੂੜ ਭਰਨ 'ਚ ਸਫ਼ਲ ਹੋ ਜਾਂਦੇ ਹਨ ਕਿ ਤੁਹਾਡੇ ਲੇਖਾਂ 'ਚ ਪੁੱਤਰ ਤਾਂ ਹੈ, ਪਰ ਇਹ ਔਰਤ ਪੁੱਤਰ ਨੂੰ ਜਨਮ ਨਹੀਂ ਦੇ ਸਕਦੀ। ਕੁਝ ਲੋਕਾਂ ਦੇ ਘਰ ਲੜਕਾ ਪੈਦਾ ਹੋਣਾ ਜੋ ਕੁਦਰਤੀ ਪ੍ਰਕ੍ਰਿਆ ਹੈ, ਇਨ੍ਹਾਂ ਨੂੰ ਲੋਕਾਂ 'ਚ ਰੱਬ ਬਣਾਉਂਦਾ ਹੈ।

ਮੈਡੀਕਲ ਸਾਇੰਸ ਅਨੁਸਾਰ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਔਰਤ ਦੀ ਥਾਂ ਮਰਦ ਦਾ ਰੋਲ ਅਹਿਮ ਹੈ। ਇਸ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ, ਪੁਰਸ਼ ਵਿੱਚ ਐਕਸ ਵਾਈ ਕਰੋਮੋਸਮ ਹੁੰਦੇ ਹਨ, ਜਦਕਿ ਔਰਤ ਵਿੱਚ ਸਿਰਫ਼ ਐਕਸ ਐਕਸ ਕਰੋਮੋਸਮ ਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਮਨੁੱਖ ਵਿੱਚ ਕਰੋਮੋਸਮ ਦੇ ਤੇਈ ਜੋੜੇ ਹੁੰਦੇ ਹਨ, ਜਿਨ੍ਹਾਂ 'ਚੋਂ 22 ਜੋੜੇ ਇੱਕ ਸਮਾਨ ਹੁੰਦੇ ਹਨ, ਜਦਕਿ ਇੱਕ ਜੋੜਾ ਐਕਸ ਵਾਈ (ਪੁਰਸ਼) ਜਾਂ ਐਕਸ ਐਕਸ (ਔਰਤ) ਹੁੰਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਔਰਤ ਨੇ ਸਿਰਫ਼ ਐਕਸ ਕਰੋਮੋਸਮ ਦੇਣਾ ਹੈ, ਜਦਕਿ ਮਰਦ ਐਕਸ ਜਾਂ ਫਿਰ ਵਾਈ ਕਰੋਮੋਸਮ ਦੇਵੇਗਾ। ਜਦੋਂ ਪੁਰਸ਼ ਅਤੇ ਇਸਤਰੀ ਦੇ ਕਰੋਮੋਸਮ ਮਿਲਦੇ ਹਨ ਤਾਂ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕਾ ਹੋਵੇਗਾ ਜਾਂ ਫਿਰ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕੀ ਹੋਵੇਗੀ। ਜੇ ਪੁਰਸ਼ ਦਾ ਐਕਸ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ ਹੈ ਤਾਂ ਬੱਚਾ ਲੜਕੀ ਹੋਵੇਗੀ। ਇਸੇ ਤਰ੍ਹਾਂ ਜੇ ਪੁਰਸ਼ ਦਾ ਵਾਈ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ ਹੈ ਤਾਂ ਬੱਚਾ ਲੜਕਾ ਹੋਵੇਗਾ। ਧਿਆਨ ਦੇਣ ਯੋਗ ਹੈ ਕਿ ਭਾਵੇਂ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਰੋਲ ਬਹੁਤ ਅਹਿਮ ਹੈ, ਪਰ ਪੁਰਸ਼ ਨੂੰ ਵੀ ਨਹੀਂ ਪਤਾ ਹੁੰਦਾ ਕਿ ਕਿਹੜਾ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਜਾ ਕੇ ਲੱਗੇਗਾ।

ਧਰਮ ਅਤੇ ਅੰਨੀ ਸ਼ਰਧਾ ਦਾ ਸਬੰਧ ਦਿਲ ਤੇ ਧੜਕਣ ਦੀ ਤਰ੍ਹਾਂ ਪੇਚੀਦਾ ਹੈ, ਜਿਸ ਦੀ ਆੜ 'ਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ। ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ, ਪਰ ਉਨ੍ਹਾਂ ਉੱਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ ਦਿੱਤੇ ਜਾਂਦੇ ਹਨ। ਅਖ਼ਬਾਰ, ਨਿਊਜ਼ ਚੈਨਲ ਇਨ੍ਹਾਂ ਪਾਖੰਡੀਆਂ ਦੇ ਹੱਥੋਂ ਬਰਬਾਦ ਹੋਏ ਲੋਕਾਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕਰਦੇ ਹਨ, ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਹੀ ਉਨ੍ਹਾਂ ਪਾਖੰਡੀਆਂ ਦੇ ਪਾਖੰਡ ਦੇ ਪ੍ਰਚਾਰ-ਪ੍ਰਸਾਰ 'ਚ ਅਹਿਮ ਰੋਲ ਨਿਭਾਇਆ ਹੁੰਦਾ ਹੈ।

## ਕਹਾਣੀ
# ਆਰਜ਼ੀ ਜਿੱਤ

ਨਵੀਦ ਸ਼ੁਮਾਇਲ (ਕਸੂਰ, ਪਾਕਿਸਤਾਨ)
ਲਿਪੀਅੰਤਰ: ਆਤਿਫ਼ ਹੁਸੈਨ ਸ਼ਾਹ



ਡੇਰੇ 'ਤੇ ਚੌਧਰੀ ਰਹਿਮਤ ਮੰਜੇ ਉੱਤੇ ਬੈਠਾ ਥੋੜ੍ਹਾ, ਪਰ ਖਿਲਰਿਆ ਬਹੁਤਾ ਹੋਇਆ ਸੀ। ਹੁੱਕੇ ਦੀ ਤੋਪ ਵਰਗੀ ਲੰਮੀ ਨਾਲ਼ ਮੂੰਹ 'ਚ ਪਾ ਕੇ ਜਦੋਂ ਸਾਹ ਅੰਦਰ ਨੂੰ ਖਿੱਚਦਾ, ਪਾਣੀ ਗੁੜ ਗੁੜ ਦੀ ਆਵਾਜ਼ 'ਤੇ ਨੱਚਣ ਲੱਗ ਪੈਂਦਾ। ਚੌਧਰਾਣੀ ਦੇ ਮਰਨ ਪਿੱਛੋਂ ਹਯਾਤੀ ਦਾ ਰੰਗ ਹੀ ਨਹੀਂ, ਟੌਹਰ ਵੀ ਮੱਠੀ ਪੈ ਗਈ ਸੀ; ਕਿਉਂਕਿ ਰੋਹਬ ਸਹਿਣ ਵਾਲੀ ਜਾਂ ਰੋਹਬ ਕਾਇਮ ਰੱਖਣ ਵਾਲੀ ਜੋ ਤੁਰ ਗਈ ਸੀ। ਇਸੇ ਲਈ ਘਰ ਨੂੰਹਾਂ ਤੇ ਪੋਤਰੇ-ਪੋਤਰੀਆਂ ਦੀ ਬਜਾਏ ਉਹ ਡੇਰੇ 'ਤੇ ਹੁੱਕੇ ਨਾਲ਼ ਜ਼ੋਰ ਆਜ਼ਮਾਈ ਕਰਦਾ ਰਹਿੰਦਾ, ਪਰ ਹਰ ਵਾਰੀ ਜਿੱਤ ਹੁੱਕੇ ਦੀ ਹੁੰਦੀ ਤੇ ਚੌਧਰੀ ਉੱਖੜਿਆ ਸਾਹ ਲੈ ਕੇ ਮੰਜੇ 'ਤੇ ਢਹਿ ਜਾਂਦਾ।

ਅੱਜ ਵੀ ਚੌਧਰੀ ਹੁੱਕੇ ਨੂੰ ਚਿੱਤ ਕਰਨ ਵਿੱਚ ਲੱਗਿਆ ਹੋਇਆ ਸੀ ਕਿ ਰੱਖਾ ਜੱਟ ਸਾਫ਼ੇ ਨਾਲ਼ ਮੂੰਹ ਪੂੰਝਦਾ ਹੋਇਆ ਚੌਧਰੀ ਵੱਲ ਆਇਆ। ਸਲਾਮ ਦੁਆ ਤੋਂ ਬਾਅਦ ਜੱਟ ਨੇ ਪੈਂਦੀ ਸੱਟੇ ਚੌਧਰੀ ਨੂੰ ਆਣ ਘੇਰਿਆ, "ਓ ਚੌਧਰੀ! ਆਪਣੇ ਚਿੱਟੇ ਝਾਟੇ ਦਾ ਹੀ ਖ਼ਿਆਲ ਕਰ। ਕਿਉਂ ਖੇਹ ਪਾਉਣ ਨੂੰ ਟੁਰਿਆ ਐਂ?"

ਰੱਖੇ ਜੱਟ ਨਾਲ ਚੌਧਰੀ ਦੀ ਚੰਗੀ ਬਣਦੀ ਸੀ। ਇਸ ਲਈ ਰੱਖੇ ਜੱਟ ਨੇ ਗੱਲ ਕੀ, ਗੱਲ ਵਰਗੀ ਡਾਂਗ ਕੱਢ ਮਾਰੀ।

ਪਹਿਲਾਂ ਤਾਂ ਚੌਧਰੀ ਖੁੱਲ੍ਹ ਕੇ ਹੱਸਿਆ। ਫਿਰ ਹੁੱਕੇ ਦੀ ਨਾਲ਼ ਰੱਖੇ ਵੱਲ ਮੋੜ ਕੇ ਬੋਲਿਆ, "ਮੈਂ ਕੀ ਕੀਤਾ ਏ?" ਚੌਧਰੀ ਸਾਰੀ ਗੱਲ ਸਮਝ ਤੇ ਗਿਆ ਸੀ, ਪਰ ਫ਼ਿਰ ਵੀ ਭੋਲਾ ਬਣਿਆ ਰਿਹਾ।

ਰੱਖੇ ਨੇ ਹੁੱਕੇ ਦਾ ਚੰਗਾ ਲੰਮਾ ਕਸ਼ ਖਿੱਚਿਆ, ਧੂੰਆਂ ਚੌਧਰੀ 'ਤੇ ਇੰਝ ਸੁੱਟਿਆ, ਜਿਵੇਂ ਚਪੇੜ ਮਾਰੀਦੀ ਹੈ। ਆਖਣ ਲੱਗਾ, "ਚੌਧਰੀ! ਤੇਰੀ ਉਮਰ ਹੁਣ ਕਬਰ ਦੇ ਨਕਸ਼ੇ ਵੇਖਣ ਦੀ ਏ, ਤੇ ਤੂੰ ਜ਼ਨਾਨੀਆਂ ਵੇਖਣ ਟੁਰਿਆ ਐਂ; ਕੁੱਝ ਅਕਲ ਨੂੰ ਹੱਥ ਮਾਰ। ਰੱਬ ਰੱਬ ਕਰ, ਆਪਣੇ ਤੇ ਆਪਣੇ ਬਾਲਾਂ 'ਤੇ ਥੂ ਥੂ ਨਾ ਕਰਵਾ।"

"ਇਹ ਦੱਸ ਕਿ ਤੇਰੇ ਕੰਨ ਕਿੰਨ੍ਹੇ ਭਰੇ ਨੇ?" ਚੌਧਰੀ ਦੇ ਬੁੱਲ੍ਹਾਂ 'ਤੇ ਨਿੰਮਾ ਨਿੰਮਾ ਹਾਸਾ ਹਾਲੇ ਵੀ ਖਿਲਰਿਆ ਹੋਇਆ ਸੀ।

"ਭਾਵੇਂ ਕਾਲੇ ਚੋਰ ਨੇ ਭਰੇ ਹੋਣ। ਤੈਨੂੰ ਕੀ!" ਰੱਖਾ ਚੌਕਸ ਹੋ ਕੇ ਬਹਿ ਗਿਆ। ਧੌਣ ਚੌਧਰੀ ਵੱਲ ਵਧਾ ਕੇ ਬੋਲਿਆ, "ਚੌਧਰੀ! ਖੰਘ ਤੇਰੇ ਕੋਲੋਂ ਸੰਭਾਲੀ ਨਹੀਂ ਜਾਂਦੀ, ਬੁੜ੍ਹੀ ਤੂੰ ਖੇਹ ਸੰਭਾਲਣੀ ਇਸ ਉਮਰੇ?"

"ਚੌਧਰਾਣੀ ਦੀ ਜਗ੍ਹਾ ਕੋਈ ਨਹੀਂ ਲੈ ਸਕਦਾ ਰੱਖਿਆ!" ਇਕਲਾਪੇ ਦੀਆਂ ਲੀਕਾਂ ਚੌਧਰੀ ਦੇ ਮੂੰਹ 'ਤੇ ਹੋਰ ਡੂੰਘੀਆਂ ਹੋ ਗਈਆਂ ਸਨ। "ਰੁੱਖ ਭਾਵੇਂ ਸੁੱਕ ਵੀ ਜਾਵੇ ਨਾ, ਉਹਨੂੰ ਉਦੋਂ ਤੀਕਰ ਨਾ ਬਾਲੋ, ਜਦੋਂ ਤੀਕਰ ਬਾਲਣ ਘਰ 'ਚ ਚੋਖਾ ਹੋਵੇ।"

ਸਾਦਾ ਰੂਹ ਰੱਖੇ ਨੇ ਨਾਸਮਝੀ ਨਾਲ ਪਾਸਾ ਲਿਆ ਅਤੇ ਬੋਲਿਆ, "ਚੌਧਰੀ! ਮੈਂ ਸਮਝਿਆ ਨਹੀਂ।"

"ਵੇਖ ਨਾ, ਮੈਂ ਸਭ ਕੁੱਝ ਆਪਣੀ ਔਲਾਦ ਨੂੰ ਦੇ ਛੱਡਿਆ ਤਾਂ ਕਿ ਉਹ ਵੀ ਨਾਮ ਸ਼ਾਮ ਕਮਾਵਣ ਤੇ ਬਣਾਉਣ। ਮੇਰੇ ਨਾਲ਼ ਮਸ਼ਵਰਾ ਭਾਵੇਂ ਨਾ ਹੀ ਕਰਨ, ਪਰ ਕੀਤੇ ਗਏ ਫ਼ੈਸਲੇ ਤਾਂ ਦੱਸਣ।" ਦੁੱਖ ਨਾਲ਼ ਉਹ ਗੱਲ ਕਰਦਿਆਂ ਚੌਧਰੀ ਘੱਟ ਤੇ ਕੰਮੀ ਬਹੁਤਾ ਲੱਗ ਰਿਹਾ ਸੀ।"

"ਪਰ ਹੋਇਆ ਕੀ?

"ਉਨ੍ਹਾਂ ਨੇ ਮੈਨੂੰ ਚਾਹ ਵਿਚੋਂ ਮੱਖੀ ਵਾਂਗ ਬਾਹਰ ਈ ਕੱਢ ਦਿੱਤਾ। ਮੇਰੇ ਪੋਤਰੇ ਮੋਬੇਲਾਂ 'ਚ ਖੁੱਭੇ ਰਹਿੰਦੇ ਨੇ, ਨੂੰਹਾਂ ਆਪਣੇ ਇਸ਼ਨਾਂ ਬਿਸ਼ਨਾਂ ਵਿੱਚ। ਤੇ ਮੈਂ ਵਿਹਲਾ ਡੌਰੂ ਵਜਾਂਦਾ ਫਿਰਨਾ ਹਾਂ। ਮੇਰਾ ਹੋਣਾ ਜਾਂ ਨਾ ਹੋਣਾ ਇੱਕ ਬਰਾਬਰ ਹੈ। ਇਥੋਂ ਤੀਕਰ ਕਿ ਕਦੀ ਕਿਸੇ ਨੇ ਇਹ ਪੁੱਛਣਾ ਵੀ ਪਸੰਦ ਨਹੀਂ ਕੀਤਾ ਕਿ ਅੱਬਾ ਜੀ! ਦੱਸੋ ਅੱਜ ਕੀ ਪਕਾਈਏ?" ਚੌਧਰੀ ਖੌਰੇ ਕਦੋਂ ਦਾ ਭਰਿਆ ਹੋਇਆ ਸੀ, ਸਾਰਾ ਨਾਸੂਰ ਬਚਪਨ ਦੇ ਲੰਗੋਟੀਏ ਯਾਰ ਸਾਹਮਣੇ ਬਾਹਰ ਕੱਢ ਦਿੱਤਾ।

ਰੱਖਾ ਵੀ ਪੂਰੇ ਧਿਆਨ ਨਾਲ ਸੁਣ ਰਿਹਾ ਸੀ। ਉਹਦਾ ਖ਼ੁਸ਼ੀਆਂ ਤੇ ਗ਼ਮਾਂ 'ਚ ਸ਼ਰੀਕ ਹੋਣ ਵਾਲਾ, ਛੋਟੇ-ਵੱਡੇ ਦੀ ਪ੍ਰਵਾਹ ਤੇ ਇੱਜ਼ਤ ਕਰਨ ਵਾਲਾ ਕਿਵੇਂ "ਹੋ" ਕੇ ਵੀ "ਨਾ ਹੋਣ" ਵਾਲੀ ਹਯਾਤੀ ਕੱਟ ਰਿਹਾ ਸੀ।

ਚੌਧਰੀ ਗੱਲ ਜਾਰੀ ਰੱਖਦਿਆਂ ਬੋਲਿਆ, "ਮੈਂ ਜਾਣਦਾ ਹਾਂ ਕਿ ਹੁਣ ਮੇਰੇ ਪੁੱਤਰਾਂ ਦੇ ਦਿਨ ਨੇ, ਪਰ ਯਾਰ ਕਿਸੇ ਨੂੰ ਖ਼ਿਆਲ ਈ ਨਹੀਂ ਮੇਰਾ।" ਚੌਧਰੀ ਥੋੜ੍ਹੀ ਦੇਰ ਲਈ ਚੁੱਪ ਹੋਇਆ। ਫ਼ਿਰ ਹੱਸ ਕੇ ਆਖਣ ਲੱਗਾ, "ਮੈਂ ਸੋਚਿਆ ਕਿ ਬਜਾਏ ਇਹਦੇ ਕਿ ਮੈਂ ਇਕਲਾਪੇ ਤੇ ਗ਼ੈਰ-ਜ਼ਰੂਰੀ ਹੋਣ ਦੇ ਅਹਿਸਾਸ ਨਾਲ ਸੜ ਕੇ ਆਪ ਹੀ ਸੁਆਹ ਹੋ ਜਾਵਾਂ, ਸਾਰੇ ਪੁੱਤਰਾਂ ਤੇ ਨੂੰਹਾਂ ਨੂੰ ਬੁਲਾ ਕੇ ਆਖਿਆ ਏ ਕਿ ਮੈਂ ਦੂਜਾ ਵਿਆਹ ਕਰਨਾ ਹੈ। ਕੋਈ ਤੇ ਹੋਵੇ ਜਿਹਨੂੰ ਮੇਰੀ ਫ਼ਿਕਰ ਹੋਵੇ।"

ਰੱਖੇ ਜੱਟ ਦੇ ਮੂੰਹ 'ਤੇ ਸ਼ਰਾਰਤੀ ਹਾਸਾ ਆ ਗਿਆ। ਪੁੱਛਣ ਲੱਗਾ, "ਫ਼ਿਰ ਕੀ ਹੋਇਆ?"

ਚੌਧਰੀ ਨੇ ਆਰਾਮ ਨਾਲ਼ ਲੱਤਾਂ ਮੰਜੇ 'ਤੇ ਦੁਬਾਰਾ ਖਿਲਾਰੀਆਂ ਤੇ ਬੋਲਿਆ, "ਹੋਣਾ ਕੀ ਏ! ਲੋਕ ਤਾਂ ਦੁੱਖ ਵੰਡਣ ਨੂੰ ਤਿਆਰ ਨਹੀਂ ਹੁੰਦੇ, ਇੱਥੇ ਤਾਂ ਫ਼ਿਰ ਜਾਇਦਾਦ ਵਿੱਚ ਸਾਂਝੇਦਾਰੀ ਦਾ ਮਸਲਾ ਸੀ। ਇਸੇ ਕਰ ਕੇ ਹੁਣ ਸਾਰੇ ਦਿਨ-ਰਾਤ ਮੇਰੇ ਅੱਗੇ-ਪਿੱਛੇ ਹੁੰਦੇ ਨੇ। ਖ਼ਿਦਮਤਾਂ ਕਰ ਰਹੇ ਨੇ ਤੇ ਨਾਲ਼ ਵੰਨ-ਸੁਵੰਨੇ ਸਿਫ਼ਾਰਸ਼ੀ ਭੇਜ ਰਹੇ ਨੇ ਕਿ ਮੈਂ ਵਿਆਹ ਨਾ ਕਰਾਵਾਂ।" ਚੌਧਰੀ ਨੇ ਹੁੱਕੇ ਦੀ ਨਾਲ਼ ਮੂੰਹ 'ਚ ਪਾਈ ਤੇ ਲੰਮਾ ਕਸ਼ ਖਿੱਚਿਆ। ਇੰਝ ਲੱਗਿਆ ਕਿ ਜਿਵੇਂ ਅੱਜ ਹੁੱਕਾ ਹਾਰ ਗਿਆ ਤੇ ਚੌਧਰੀ ਜਿੱਤ ਗਿਆ ਏ।

"ਮਤਲਬ ਇਹ ਨਿਕਲਿਆ ਕਿ ਤੂੰ ਫ਼ਿਰ ਦੂਜਾ ਵਿਆਹ ਨਹੀਂ ਕਰਾਉਣਾ।" ਰੱਖੇ ਨੇ ਤਫ਼ਤੀਸ਼ੀ ਅੰਦਾਜ਼ ਵਿੱਚ ਸੱਚ ਜਾਣਨ ਦੀ ਕੋਸ਼ਿਸ਼ ਕੀਤੀ।

ਹਾਸਾ ਚੌਧਰੀ ਦੇ ਬੁੱਲ੍ਹਾਂ ਦੀ ਬਜਾਏ ਅੱਖਾਂ ਵਿੱਚ ਸੀ, ਆਖਣ ਲੱਗਾ, "ਸ਼ਾਇਦ...! ਪਰ ਰੱਖਿਆ! ਇਹ ਭਾਵੇਂ ਆਰਜ਼ੀ ਜਿੱਤ ਏ ਮੇਰੀ, ਪਰ ਹੈ ਤੇ ਜਿੱਤ ਨਾ!"

"ਤੇ ਜਦੋਂ ਏਸ ਜਿੱਤ ਦਾ ਅਸਰ ਮੁੱਕਣਾ, ਉਦੋਂ ਕੀ ਕਰੇਂਗਾ?" ਰੱਖੇ ਜੱਟ ਨੇ ਆਣ ਵਾਲੀਆਂ ਫ਼ਿਕਰਾਂ ਵੱਲ ਧਿਆਨ ਕਰਾਇਆ।

ਚੌਧਰੀ ਨੇ ਮੁੱਛਾਂ ਨੂੰ ਵੱਟ ਦਿੰਦਿਆਂ ਹੋਇਆਂ ਆਖਿਆ, "ਰੱਖਿਆ! ਵੱਡੀ ਮੱਝ ਨਹੀਂ, ਅਕਲ ਹੁੰਦੀ ਏ।"


Regal Jewels
773-262-4377
www.RegalJewels.com
2625
OPEN
7 DAYS
REGAL JEWELS
REGAL JEWELS
2625 W. Devon Ave. Chicago, IL 60659
22k Gold - Diamonds - 24k Gold
Our Collections
22k Gold
VEERGI
By Regal Jewels
KAVIGI
Kids
kali gi
Baby
RAHI GI
PURE COLLECTION
BY REGAL JEWELS
24k Gold
MITA COLLECTION
DIAMONDS
By Regal Jewels
Diamonds
Authorized Dealer
AU FINJA
Pure Wrist Fashion
MOVADO
MALO
MONACO CHAIN
LLADRÓ
www.RegalJewels.com

Punjabi Parwaz

# ਪੰਜਾਬੀ ਪਰਵਾਜ਼

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਮਨਜਿੰਦਰ ਸਿੰਘ (ਮੈਕ) ਭਮਰਾ


ਗੁਰਿੰਦਰਜੀਤ ਸਿੰਘ ਗਰੇਵਾਲ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰੀਕ ਸਿੰਘ ਸੈਣੀ


ਅੰਮ੍ਰਿਤਪਾਲ ਸਿੰਘ ਗਿੱਲ


ਦੀਦਾਰ ਸਿੰਘ ਧਨੋਆ


ਅਮਰਜੀਤ ਸਿੰਘ ਢੀਂਡਸਾ



ਬੇਅੰਤ ਸਿੰਘ ਬੋਪਾਰਾਏ


ਦਰਸ਼ਨ ਸਿੰਘ ਪੰਮਾ


ਬਲਵਿੰਦਰ ਸਿੰਘ ਚੱਠਾ


ਕਿਰਪਾਲ ਸਿੰਘ ਰੰਧਾਵਾ


ਅਜੈਬ ਸਿੰਘ ਲੱਖਣ


ਹਰਕੇਵਲ ਲਾਲੀ



ਬਿਕਰਮ ਸਿੰਘ ਸਿੱਧੂ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਅਮਨਦੀਪ ਸਿੰਘ ਕੁਲਾਰ


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਜਿਗਰਦੀਪ ਸਿੰਘ ਢਿੱਲੋਂ


ਹਰਮੀਕ ਸਿੰਘ ਗਿਰਨ



"ਪੰਜਾਬੀ ਪਰਵਾਜ਼" ਕਿਸੇ ਸਰਕਾਰੀ ਜਾਂ ਗੈਰ-ਸਰਕਾਰੀ ਧਿਰ, ਕਿਸੇ ਧਾਰਮਿਕ ਸੰਪਰਦਾਇ ਜਾਂ ਕਿਸੇ ਸੰਸਥਾ ਵਿਸ਼ੇਸ਼ ਨਾਲ ਨਹੀਂ ਜੁੜਿਆ ਹੋਇਆ। ਇਹ ਮੂਲ ਤੌਰ 'ਤੇ ਆਜ਼ਾਦ, ਪਰ ਭਾਈਚਾਰਕ ਸਹਿਯੋਗ ਨਾਲ ਮੀਡੀਆ ਖੇਤਰ ਵਿੱਚ ਵਿਚਰ ਰਿਹਾ ਹੈ। ਭਾਈਚਾਰੇ ਵੱਲੋਂ ਮਿਲ ਰਹੇ ਹੁੰਗਾਰੇ ਲਈ ਬਹੁਤ ਬਹੁਤ ਧੰਨਵਾਦ! ਤੁਹਾਡੇ ਸਭ ਦੇ ਸਹਿਯੋਗ ਨਾਲ ਅਗਲੇ ਅੰਕਾਂ ਲਈ ਤਰੱਦਦ ਜਾਰੀ ਰਹੇਗਾ...।

*-ਕੁਲਜੀਤ ਸਿੰਘ, ਫੋਨ: 224-386-4548*